ਤਾਰਾਨਾਥ ਤਾਂਤ੍ਰਿਕ ਅਤੇ ਬ੍ਰਹਮ- ਪਿਸ਼ਾਚ

ਤਾਰਾ ਨਾਥ ਤਾਂਤ੍ਰਿਕ ਅਤੇ ਬ੍ਰਹਮ ਪਿਸ਼ਾਚ

ਭਾਗ 1

ਇਹ ਕਹਾਣੀ ਇੱਕ ਮਹਾਨ ਬੰਗਾਲੀ ਲੇਖਕ ਬਿਭੂਤੀ ਭੂਸ਼ਣ ਬੰਧੋਪਾਧਿਆਏ ਦੇ ਪੁੱਤਰ ਤਾਰਾ ਦਾਸ ਬੰਧੋਪਾਧਿਆਏ ਦੁਆਰਾ ਲਿਖੀ ਗਈ ਹੈ। ਮੈਂ ਸਿਰਫ ਇਸ ਕਹਾਣੀ ਦਾ ਅਨੁਵਾਦ ਕੀਤਾ ਹੈ, ਜੇ ਤੁਹਾਨੂੰ ਇਹ ਕਹਾਣੀ ਚੰਗੀ ਲੱਗੀ ਤਾਂ ਮੇਰਾ ਜਤਨ ਸਫਲ ਹੋਇਆ ਹੈ ।

ਇਹ ਕਹਾਣੀ ਦੋ ਅਜਿਹੇ ਦੋਸਤਾਂ ਦੀ ਹੈ ਜੋ ਤਾਰਾ ਨਾਥ ਭੱਟਾਚਾਰੀਆ, ਜਿਸ ਨੂੰ ਤਾਰਾ ਨਾਥ ਤਾਂਤਰਿਕ ਵੀ ਕਿਹਾ ਜਾਂਦਾ ਹੈ, ਦੇ ਘਰ ਜਾਂਦੇ ਸਨ, ਅਤੇ ਉਨ੍ਹਾਂ ਤੋਂ ਬਹੁਤ ਸਾਰੀਆਂ ਕਲਪਨਾਯੋਗ ਅਤੇ ਅਵਿਸ਼ਵਾਸ਼ਯੋਗ ਕਹਾਣੀਆਂ ਸੁਣਦੇ ਸਨ ਅਤੇ ਉਹਨਾਂ ਦਾ ਆਨੰਦ ਮਾਣਦੇ ਸਨ। ਦੋਹਾਂ ਦੋਸਤਾਂ ਦੇ ਨਾਂ ਕਿਸ਼ੋਰੀ ਅਤੇ ਅਸ਼ਵਨੀ ਸਨ। ਇਹ ਕਹਾਣੀ ਇਹਨਾਂ ਗੱਲਾਂ 'ਤੇ ਆਧਾਰਿਤ ਹੈ, ਕਿਸ਼ੋਰੀ ਅਤੇ ਅਸ਼ਵਨੀ ਦੋਵੇਂ ਤਾਰਾ ਨਾਥ ਤਾਂਤਰਿਕ ਦੇ ਘਰ ਉਸ ਦੀ ਜ਼ਿੰਦਗੀ ਵਿਚ ਵਾਪਰੀਆਂ ਮਜ਼ਾਕੀਆ, ਕਲਪਨਾਯੋਗ, ਅਵਿਸ਼ਵਾਸ਼ਯੋਗ, ਬਹੁਤ ਸਾਰੀਆਂ ਹੈਰਾਨੀਜਨਕ ਘਟਨਾਵਾਂ ਦੀ ਕਹਾਣੀ ਸੁਣਨ ਲਈ ਜਾਂਦੇ ਹਨ, ਅਤੇ ਤਾਰਾਨਾਥ ਉਨ੍ਹਾਂ ਨੂੰ ਹਰ ਵਾਰੀ ਇਕ ਨਵੀਂ ਕਹਾਣੀ ਸੁਣਾਉਂਦਾ ਹੈ।

ਅੱਜ ਤਾਰਾ ਨਾਥ ਤਾਂਤਰਿਕ ਕਿਸ਼ੋਰੀ ਅਤੇ ਅਸ਼ਵਨੀ ਨੂੰ ਜੋ ਕਹਾਣੀ ਦੱਸਣ ਜਾ ਰਿਹਾ ਹੈ, ਉਹ ਉਨ੍ਹਾਂ ਦੇ ਜੀਵਨ ਵਿੱਚ ਬ੍ਰਹਮਾ ਪਿਸ਼ਾਚ ਦੀ ਘਟਨਾ ਬਾਰੇ ਹੈ।

ਅੱਜ ਦੀ ਕਹਾਣੀ ਤਾਰਾ ਨਾਥ ਤਾਂਤਰਿਕ ਅਤੇ ਬ੍ਰਹਮਾ ਪਿਸ਼ਾਚ ਦੀ ਹੈ।

ਜਿਵੇਂ ਹੀ ਅਸੀਂ ਮੈਥਿਊ ਸਟਰੀਟ 'ਤੇ ਪਹੁੰਚੇ, ਮੀਂਹ ਸ਼ੁਰੂ ਹੋ ਗਿਆ। ਸਵੇਰ ਤੋਂ ਹੀ ਬੱਦਲਵਾਈ ਛਾਈ ਹੋਈ ਸੀ ਪਰ ਮੀਂਹ ਦਾ ਕੋਈ ਸੰਕੇਤ ਨਹੀਂ ਸੀ। ਛਤਰੀ ਮੇਰੇ ਕੋਲ ਸੀ , ਅਸ਼ਵਿਨੀ ਨੂੰ ਪਹਿਲਾਂ ਦੱਸਿਆ ਗਿਆ ਸੀ ਕਿ ਅਸੀਂ ਅੱਜ ਦੁਪਹਿਰ ਨੂੰ ਤਾਰਾਨਾਥ ਦੇ ਘਰ ਜਾਵਾਂਗੇ, ਅਸੀਂ ਕੁਝ ਆਲੂ ਅਤੇ ਬੈਂਗਣ ਲੈਣ ਲਈ ਗਲੀ ਦੇ ਗੇਟ 'ਤੇ ਖੜ੍ਹੇ ਸੀ, ਇਸ ਸਮੇਂ ਅਸ਼ਵਨੀ ਉਸ ਦੁਕਾਨ ਦੇ ਡੱਬੇ ਦੇ ਕੋਲ ਆ ਕੇ ਮੇਰੇ ਨਾਲ ਖੜ੍ਹਾ ਹੋ ਗਿਆ ।

ਥੋੜ੍ਹੀ ਦੇਰ ਬਾਅਦ ਅਸੀਂ ਹੱਥਾਂ ਵਿਚ ਭੁਜੀਏ ਦਾ ਪੈਕਟ ਲੈ ਕੇ ਤਾਰਾ ਨਾਥ ਦੇ ਘਰ ਵੱਲ ਤੁਰ ਪਏ, ਉਦੋਂ ਜ਼ੋਰਦਾਰ ਮੀਂਹ ਪੈਣਾ ਸ਼ੁਰੂ ਹੋ ਗਿਆ। ਅਸ਼ਵਨੀ ਛੱਤਰੀ ਲੈ ਕੇ ਨਹੀਂ ਆਇਆ ਸੀ, ਕਿਸੇ ਤਰ੍ਹਾਂ ਉਸ ਨੇ ਆਪਣਾ ਸਿਰ ਮੇਰੀ ਛੱਤਰੀ ਦੇ ਅੰਦਰ ਫਸਾ ਲਿਆ ਅਤੇ ਤੁਰਦੇ ਹੋਏ ਕਿਹਾ,

"ਮੌਸਮ ਵਿਭਾਗ ਵਿੱਚ ਕੰਮ ਕਰਨ ਵਾਲੇ ਸਾਰੇ ਮੂਰਖ ਹਨ। ਮੈਂ ਘਰੋਂ ਨਿਕਲਣ ਵੇਲੇ ਇਹ ਖ਼ਬਰ ਸਾਫ਼-ਸਾਫ਼ ਸੁਣੀ ਸੀ ਕਿ ਅੱਜ ਸਾਰਾ ਦਿਨ ਖੁਸ਼ਕ ਅਤੇ ਧੁੱਪ ਰਹੇਗੀ, ਮੂਰਖ ਨ ਹੋਣ ਤਾਂ ।

ਇੰਨੀ ਬਾਰਿਸ਼ ਵਿੱਚ ਦੋ ਲੋਕਾਂ ਦਾ ਇੱਕ ਛੱਤਰੀ ਹੇਠ ਰਹਿਣਾ ਬਹੁਤ ਮੁਸ਼ਕਲ ਹੈ। ਕਿਸੇ ਤਰ੍ਹਾਂ ਅਸੀਂ ਤੇਜ਼ੀ ਨਾਲ ਤੁਰ ਪਏ ਅਤੇ ਅੱਧੇ ਭਿਜੇ ਹੋਏ ਤਾਰਾ ਨਾਥ ਦੇ ਘਰ ਪਹੁੰਚੇ। ਬੈਠਕ ਦਾ ਦਰਵਾਜ਼ਾ ਅਜੇ ਖੁੱਲ੍ਹਾ ਸੀ। ਮੰਜੀ 'ਤੇ ਬੈਠਾ ਤਾਰਾ ਨਾਥ ਹੁੱਕਾ ਪੀ ਰਿਹਾ ਸੀ। ਸਾਡੇ ਦੋਹਾਂ ਵੱਲ ਦੇਖ ਕੇ ਉਸਨੇ ਕਿਹਾ-

"ਹੇ-ਹੇ-ਹੇ, ਕੀ ਤੁਸੀਂ ਪੂਰੀ ਤਰ੍ਹਾਂ ਭਿੱਜ ਗਏ ਹੋ? ਇਹ ਮੇਰਾ ਕਸੂਰ ਹੈ, ਸਮਾਂ ਇਧਰ-ਉਧਰ ਥੋੜ੍ਹਾ ਹੋ ਗਿਆ।

ਮੈਂ ਹੈਰਾਨ ਹੋ ਕੇ ਪੁੱਛਿਆ:-

"ਤੁਹਾਡਾ ਕੀ ਕਸੂਰ? ਅਸੀਂ ਭਿੱਜ ਗਏ ਹਾਂ, ਇਸ ਦਾ ਤੁਹਾਡੇ ਨਾਲ ਕੀ ਲੈਣਾ ਦੇਣਾ ਹੈ,

ਤਾਰਾ ਨਾਥ ਨੇ ਮੁਸਕਰਾ ਕੇ ਕਿਹਾ:-"ਨਹੀਂ, ਕੁਝ ਨਹੀਂ।" ਵਕਤ ਦਾ ਹਿਸਾਬ ਲਾਉਣ ਵੇਲੇ ਥੋੜੀ ਜਿਹੀ ਗਲਤੀ ਹੋ ਗਈ, ਨਹੀਂ ਤਾਂ ਤੁਸੀਂ ਗਿੱਲੇ ਨਾ ਹੁੰਦੇ।

2

--ਇਸਦਾ ਮਤਲੱਬ ਕੀ ਹੈ?

"- ਮਤਲਬ ਕਿ ਮੈਨੂੰ ਪਹਿਲਾਂ ਹੀ ਪਤਾ ਸੀ ਕਿ ਮੀਂਹ ਪਵੇਗਾ। ਤੁਹਾਡੇ ਦੋਨਾਂ ਦਾ ਇੱਥੇ ਆਉਣ ਦਾ ਸਮਾਂ ਸੀ। ਇਸ ਲਈ ਮੈਂ ਮੀਂਹ ਨੂੰ ਥੋੜਾ ਪਿੱਛੇ ਧੱਕਿਆ ਸੀ, ਮੈਂ ਥੋੜਾ ਹੋਰ ਵੀ ਕਰ ਸਕਦਾ ਸੀ, ਪਰ ਕੁਦਰਤ ਨਾਲ ਬਹੁਤ ਛੇੜਛਾੜ ਕਰਨਾ ਠੀਕ ਨਹੀਂ ਹੈ। ਜੋ ਵੀ ਹੈ, ਜੇ ਮੈਂ ਇਸਨੂੰ ਹੋਰ ਪੰਜ-10 ਮਿੰਟਾਂ ਲਈ ਟਾਲ ਦਿੱਤਾ ਹੁੰਦਾ, ਤਾਂ ਤੁਹਾਨੂੰ ਦੋਨਾਂ ਨੂੰ ਦੁੱਖ ਨਾ ਝੱਲਣਾ ਪੈਂਦਾ।"

ਤਾਰਾ ਨਾਥ ਨੂੰ ਅਜਿਹੀਆਂ ਕਹਾਣੀਆਂ ਸੁਣਾਉਣ ਦੀ ਆਦਤ ਪੈ ਗਈ ਹੈ। ਫਿਰ ਵੀ ਕਈ ਵਾਰ ਅਸੀਂ ਸੋਚਾਂ ਵਿਚ ਹੀ ਗੁਆਚ ਜਾਂਦੇ ਹਾਂ।

'ਮੈਂ ਕਿਹਾ ਤੁਸੀਂ ਕੀ ਕਰਾਮਾਤ ਕਰ ਸਕਦੇ ਹੋ - ਕੀ ਬਾਰਿਸ਼ ਨੂੰ ਕਦੇ ਰੋਕਿਆ ਜਾ ਸਕਦਾ ਹੈ?'

-" ਜੇ ਇਸ ਨੂੰ ਰੋਕਿਆ ਨਹੀਂ ਜਾ ਸਕਦਾ , ਤਾਂ ਮੈਂ ਇਸਨੂੰ ਕਿਵੇਂ ਰੋਕਿਆ?"

ਅਜਿਹੀ ਗੱਲ ਦਾ ਭਲਾ ਕੋਈ ਕੀ ਜਵਾਬ ਦੇ ਸਕਦਾ ਹੈ?

ਫਿਰ ਵੀ ਮੈਂ ਕਿਹਾ, "ਤੁਸੀਂ ਮਤਲਬ ਹੈ ਕਿ ਤੁਸੀਂ ਸਭ ਕੁਝ ਕਰ ਸਕਦੇ ਹੋ।"

ਤਾਰਾ ਨਾਥ ਨੇ ਥੋੜਾ ਗੁੱਸੇ ਨਾਲ ਕਿਹਾ - "ਨਹੀਂ, ਕੋਈ ਮਜ਼ਾਕ ਨਹੀਂ। ਕੀ ਤੁਹਾਨੂੰ ਪਤਾ ਹੈ ਕਿ ਅਗਾਊਂ ਤੰਤਰ ਕੀ ਹੈ? ਬਾਰਿਸ਼ ਇੱਕ ਛੋਟੀ ਆਫ਼ਤ ਹੈ, ਜੇਕਰ ਸਿੱਖਿਆ ਅਤੇ ਊਰਜਾ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਕਈ ਵੱਡੀਆਂ ਕੁਦਰਤੀ ਆਫ਼ਤਾਂ ਨੂੰ ਰੋਕਿਆ ਜਾ ਸਕਦਾ ਹੈ। ਉਸ ਦਿਨ ਵੀ ਅਜਿਹਾ ਹੀ ਹੋਇਆ ਸੀ।"

ਇਹ ਕਹਿ ਕੇ ਤਾਰਾ ਨਾਥ ਇਕਦਮ ਚੁੱਪ ਹੋ ਗਿਆ।

ਮੈਂ ਕਿਹਾ:-"ਕਿਹੜੇ ਦਿਨ? ਕੀ ਹੋਇਆ ਸੀ ਉਸ ਦਿਨ?"

-"ਨਹੀਂ - ਵੈਸੇ, ਤੁਸੀਂ ਲੋਕ ਕਿਸੇ ਗੱਲ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ. ਤੁਹਾਨੂੰ ਇਹ ਦੱਸਣ ਦਾ ਮਤਲਬ ਆਪਣਾ ਮਖੌਲ ਕਰਨਾ ਹੈ।"

ਮੈਂ ਹੈਰਾਨ --! ਸ਼ਾਇਦ ਕੋਈ ਹੈਰਾਨੀਜਨਕ ਘਟਨਾ ਸੁਣਨ ਨੂੰ ਮਿਲੇਗੀ, ਪਰ ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ , ਅਸ਼ਵਨੀ ਬੋਲ ਪਿਆ - "ਨਹੀਂ ਚੱਕਰਵਰਤੀ ਜੀ, ਅਸੀਂ ਕਦੇ ਵੀ ਤੁਹਾਡੇ 'ਤੇ ਬੇਭਰੋਸਾ ਨਹੀਂ ਕਰਦੇ, ਕਦੇ-ਕਦੇ ਤੁਹਾਨੂੰ ਗੁੱਸਾ ਦੁਆ ਕੇ ਸਾਨੂੰ ਮਜ਼ਾ ਆਉਂਦਾ ਹੈ। ਉਹ ਵੀ ਸ਼ਾਇਦ ਸਾਨੂੰ ਨਹੀਂ ਕਰਨਾ ਚਾਹੀਦਾ।

ਇਸ ਗੱਲ ਨੂੰ ਵਧਾਉਣ ਤੋਂ ਬਚਣ ਲਈ ਮੈਂ ਕਿਹਾ, "ਉਸ ਦਿਨ ਕੀ ਹੋਇਆ, ਤੁਸੀਂ ਗੱਲ ਕਰ ਰਹੇ ਸੀ?"

ਤਾਰਾਨਾਥ ਤਾਂਤ੍ਰਿਕ ਅਤੇ ਬ੍ਰਹਮ ਪਿਸ਼ਾਚ ਭਾਗ 2

"ਇਹ ਤਾਂ ਨਹੀਂ ਹੋ ਸਕਦਾ ਕੀ ਹੁਣ ਮੈਂ ਨਾ ਦੱਸਾਂ। ਪਿਛਲੀ ਮਹੀਨੇ ਦੀ 11 ਤਰੀਕ ਨੂੰ ਤੁਸੀਂ ਕਿੱਥੇ ਸੀ? ਕੀ ਕਰ ਰਹੇ ਸੀ? ਢਾਈ ਵਜੇ ਦੇ ਕਰੀਬ ?

ਹਿਸਾਬ ਕਰਨ ਤੋਂ ਬਾਅਦ ਮੈਂ ਕਿਹਾ-" ਸ਼ਨੀਚਰ ਵਾਰ ਸੀ, ਕਰੀਬ 2:00 ਵਜੇ ਸਨ ਤੇ ਛੁੱਟੀ ਦਾ ਸਮਾਂ ਸੀ, ਮੈਂ ਘਰ ਜਾਣ ਲਈ ਬੱਸ ਸਟਾਪ ਵੱਲ ਜਾ ਰਿਹਾ ਸੀ, ਕਿਉਂ ? ਕੀ ਹੋਇਆ?

_"ਕੀ ਤੁਸੀਂ ਉਸ ਸਮੇਂ ਕੁਝ ਅਨੁਭਵ ਕੀਤਾ ਸੀ? ਭਾਵ, ਕੀ ਤੁਸੀਂ ਕਿਸੇ ਗੈਰ-ਕੁਦਰਤੀ ਘਟਨਾ ਦਾ ਅਨੁਭਵ ਕੀਤਾ ਸੀ?"

ਇਹ ਅਜੀਬ ਹੈ ਕਿ ਮੈਨੂੰ ਇੰਨੇ ਲੰਬੇ ਸਮੇਂ ਤੋਂ ਬਾਦ ਕੁਝ ਵੀ ਯਾਦ ਨਹੀਂ ਸੀ! ਬੱਸ ਤਾਰਾਨਾਥ ਨਾਲ ਗੱਲਾਂ ਕਰਦਿਆਂ ਸਭ ਕੁਝ ਯਾਦ ਆ ਗਿਆ। ਹਾਲਾਂਕਿ, ਉਸ ਦਿਨ ਇੱਕ ਛੋਟੀ ਜਿਹੀ ਘਟਨਾ ਵਾਪਰੀ ਸੀ। ਯਾਦ ਕਰਨ ਲਈ ਕੁਝ ਵੀ ਵੱਡਾ ਨਹੀਂ ਸੀ , ਪਰ ਇਹ ਸੱਚ ਹੈ ਕਿ ਉਸ ਦਿਨ ਥੋੜ੍ਹੀ ਜਿਹੀ ਹੈਰਾਨੀ ਹੋਈ ਸੀ.। ਬੱਸ ਲੇਟ ਹੋ ਰਹੀ ਸੀ। ਮੈਂ ਬੱਸ ਅੱਡੇ ਦੇ ਨਾਲ ਵਾਲੀ ਦੁਕਾਨ ਤੋਂ ਸਿਗਰਟ ਲੈ ਕੇ ਸਿਗਰਟ ਜਗਾ ਰਿਹਾ ਸੀ। ਅਚਾਨਕ ਇੰਜ ਮਹਿਸੂਸ ਹੋਇਆ ਜਿਵੇਂ ਮੇਰੇ ਪੈਰਾਂ ਹੇਠ ਕੋਈ ਚੀਜ਼ ਗੁਦਗੁਦਾ ਰਹੀ ਹੋਵੇ। ਬਿਲਕੁਲ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਦੋਂ ਕੋਈ ਵੱਡੀ ਕੀੜੀ ਜਾਂ ਗੋਬਰ ਦੀ ਮੱਖੀ ਦੇ ਉੱਪਰ ਪੈਰ ਆ ਜਾਵੇ । ਚੱਪਲਾਂ ਲਾਹ ਕੇ ਪੈਰਾਂ ਦੀ ਧੂੜ ਸਾਫ ਕੀਤੀ , ਫਿਰ ਵੀ ਗੁਦਗੁਦਾਈ ਨਹੀਂ ਘਟੀ। ਕਈ ਵਾਰ ਘਬਰਾਹਟ ਕਾਰਨ ਸਰੀਰ ਦੀ ਕਿਸੇ ਥਾਂ 'ਤੇ ਅਜੀਬ ਜਿਹਾ ਅਹਿਸਾਸ ਹੁੰਦਾ ਹੈ, ਮੈਂ ਸੋਚਿਆ ਸ਼ਾਇਦ ਇਹ ਕੋਈ ਇਸ ਤਰਾਂ ਹੋ ਸਕਦੀ ਹੈ, ਪਰ ਉਸੇ ਵੇਲੇ ਮੈਂ ਇਕ ਹੋਰ ਸੱਜਣ ਨੂੰ ਦੇਖਿਆ। ਉਹ ਵੀ ਥੋੜ੍ਹਾ ਹੈਰਾਨ ਸੀ। ਦੁਪਹਿਰ ਵੇਲੇ ਖਾਲੀ ਰਸਤਾ--- ਫੁੱਟਪਾਥ ਦੇ ਦੂਜੇ ਪਾਸੇ ਇੱਕ ਅੱਧਖੜ ਉਮਰ ਦਾ ਸੱਜਣ ਅਚਾਨਕ ਖੜ੍ਹਾ ਹੋ ਗਿਆ, ਆਪਣੀਆਂ ਚੱਪਲਾਂ ਲਾਹ ਕੇ ਦੇਖ ਰਿਹਾ ਸੀ ਕਿ ਪਤਾ ਨਹੀਂ ਉਸ ਦੇ ਪੈਰਾਂ ਹੇਠ ਕੀ ਹੈ। ਉਸ ਨੇ ਇੱਕ ਵਾਰ ਪੈਰਾਂ ਦੀ ਧੂੜ ਸਾਫ ਕੀਤੀ ਤੇ ਫਿਰ ਥੋੜੀ ਹੈਰਾਨੀ ਨਾਲ ਮੁੜ ਤੁਰਨ ਲੱਗਾ।

ਮੈਂ ਸੋਚਿਆ ਹਾਏ ਰੱਬਾ! ਪਤਾ ਨਹੀਂ ਅੱਜ ਕੀ ਹੋਇਆ? ਕੀ ਗਾਂ ਦਾ ਗੋਹਾ ਸਾਰਿਆਂ ਦੇ ਪੈਰਾਂ ਹੇਠ ਆ ਗਿਆ ਹੈ, ਇਹ ਤਾਂ ਛੋਟੀ ਜਿਹੀ ਗੱਲ ਸੀ, ਮੈਂ ਇਸ ਨੂੰ ਪੂਰੀ ਤਰ੍ਹਾਂ ਭੁੱਲ ਗਿਆ ਸੀ।

ਜਦੋਂ ਮੈਂ ਤਾਰਾ ਨਾਥ ਵੱਲ ਦੇਖਿਆ। ਉਸ ਦੇ ਬੁੱਲ੍ਹਾਂ ਦੇ ਕੋਨੇ 'ਤੇ ਇੱਕ ਸੂਖਮ ਮੁਸਕਰਾਹਟ ਸੀ ਤੇ ਉਹ ਮੇਰੇ ਵੱਲ ਵੇਖ ਰਿਹਾ ਸੀ . ਜਿਵੇਂ ਹੀ ਸਾਡੀਆਂ ਅੱਖਾਂ ਮਿਲੀਆਂ--ਉਹ ਬੋਲਿਆ "ਕੀ? ਤੈਨੂੰ ਕੁਝ ਯਾਦ ਆਇਆ?"

ਮੈਂ ਕਿਹਾ:--"ਹਾਂ ਯਾਦ ਆਇਆ! ਉਹ ਕੁਝ ਖਾਸ ਗੱਲ ਤਾਂ ਨਹੀਂ ਸੀ।"

ਮੈਂ ਤਾਰਾ ਨਾਥ ਨੂੰ ਉਸ ਦਿਨ ਦੀ ਘਟਨਾ ਵਿਸਤਾਰ ਨਾਲ ਦੱਸੀ ਤਾਂ ਉਸ ਨੇ ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਲੈ ਕੇ ਘਟਨਾ ਸੁਣੀ। ਉਸ ਤੋਂ ਬਾਅਦ ਉਸਨੇ ਕਿਹਾ: "ਹੋਰ ਕੁਝ?"

----ਹੋਰ ਕੁਝ ਨਹੀਂ . ਇਹ ਮੇਰੇ ਲਈ ਜਦ ਵਾਪਰਿਆ ਤਾਂ ਸੜਕ ਦੇ ਦੂਜੇ ਪਾਸੇ ਦੇ ਸੱਜਣ ਨੇ ਉਸ ਅਜੀਬ ਅਨੁਭਵ ਨੂੰ ਮਹਿਸੂਸ ਕਿਵੇਂ ਕੀਤਾ?

"ਉਸ ਸੱਜਣ ਹੀ ਨਹੀਂ- ਹੋਰ ਵੀ ਬਹੁਤ ਸਾਰੇ ਲੋਕਾਂ ਨੇ ਜ਼ਰੂਰ ਉਸ ਵੇਲੇ ਪੈਰਾਂ ਹੇਠ ਗੁਦਗੁਦਾਈ ਮਹਿਸੂਸ ਕੀਤੀ ਸੀ। ਉਹ ਲੋਕ ਉਸ ਸਮੇਂ ਤੁਹਾਡੇ ਆਲੇ-ਦੁਆਲੇ ਨਹੀਂ ਸਨ, ਜਾਂ ਤੁਸੀਂ ਉਨ੍ਹਾਂ ਨੂੰ ਪਛਾਣਿਆ ਨਹੀਂ, ਨਹੀਂ ਤਾਂ ਤੁਸੀਂ ਹੋਰ ਵੀ ਕਹਾਣੀ ਸੁਣੀ ਹੋਣੀ ਸੀ।"

ਹੁਣ ਤੱਕ ਅਸੀਂ ਇੱਕ ਦੂਜੇ ਨਾਲ ਗੱਲਾਂ ਕਰ ਰਹੇ ਸੀ। ਅਚਾਨਕ ਮੈਂ ਜਿਵੇਂ ਹੀ ਅਸ਼ਵਨੀ ਵੱਲ ਦੇਖਿਆ ਤਾਂ ਦੇਖਿਆ ਕਿ ਉਹ ਹੈਰਾਨੀ ਨਾਲ ਸਾਡੇ ਵੱਲ ਦੇਖ ਰਿਹਾ ਸੀ। ਤਾਰਾ ਨਾਥ ਨੇ ਉਸਦਾ ਹੈਰਾਨੀਜਨਕ ਹਾਵ-ਭਾਵ ਦੇਖ ਕੇ ਕਿਹਾ:---"ਅਸ਼ਵਿਨੀ- ਕੀ ਤੈਨੂੰ ਵੀ ਕੁਝ ਮਹਿਸੂਸ ਹੋਇਆ ਸੀ ?"

ਅਸ਼ਵਨੀ ਨੇ ਗਲਾ ਸਾਫ ਕਰ ਕੇ ਕਿਹਾ:- "ਕੀ ਕਹਾਂ ਪੰਡਿਤ ਜੀ, ਤੁਹਾਡੀਆਂ ਗੱਲਾਂ ਸੁਣ ਕੇ ਮੈਂ ਹੈਰਾਨ ਹੋ ਗਿਆ ਹਾਂ। ਪਿਛਲੇ ਮਹੀਨੇ ਦੀ 11 ਤਰੀਕ ਨੂੰ ਮੈਂ ਮੁਰਗਾਛੇ ਦੀ ਲੋਕਲ ਫੜਨ ਲਈ ਸਿਆਲਦਾਹ ਦੇ ਪਲੇਟਫਾਰਮ 'ਤੇ ਖੜ੍ਹਾ ਸੀ। ਟਰੇਨ ਲੇਟ ਹੋ ਰਹੀ ਸੀ। ਪਲੇਟਫਾਰਮ 'ਤੇ ਵੜਦਿਆਂ ਹੀ ਵਿਕਰੇਤਾ ਤੋਂ ਖੀਰਾ ਖਰੀਦ ਖਾਣ ਲੱਗ ਪਿਆ । ਖਾਂਦੇ ਖਾਂਦੇ ਹੀ ਮੈਨੂੰ ਪੈਰਾਂ ਹੇਠ ਕੋਈ ਨਰਮ ਜਿਹਾ ਕੀੜਾ ਮਹਿਸੂਸ ਹੋਇਆ । ਪਰ ਉਸ ਸਮੇਂ ਮੈਂ ਕਿਸੇ ਹੋਰ ਵਿਅਕਤੀ ਨੂੰ ਅਜਿਹਾ ਕਰਦੇ ਨਹੀਂ ਦੇਖਿਆ, ਪਰ ਤੁਹਾਡੇ ਲੋਕਾਂ ਨੂੰ ਸੁਣ ਕੇ ਅਜਿਹਾ ਲੱਗਦਾ ਹੈ, ਮੈਨੂੰ ਵੀ ਉਸ ਸਮੇਂ ਇਸ ਤਰ੍ਹਾਂ ਮਹਿਸੂਸ ਹੋਇਆ ।

ਤਾਰਾ ਨਾਥ ਨੇ ਕਿਹਾ:-"ਪਿਛਲੀ 11 ਤਰੀਕ ਨੂੰ ਮੱਸਿਆ ਸੀ। ਤੁਸੀਂ ਸਾਰੇ ਜਾਣਦੇ ਹੋ ਕਿ ਮੱਸਿਆ ਵਾਲੀ ਸਾਰੀ ਰਾਤ ਮੈਂ ਜਾਗਦਾ ਹਾਂ ਅਤੇ ਦੇਵੀ ਦੀ ਪੂਜਾ ਕਰਦਾ ਹਾਂ।"

ਮੈਂ ਕਿਹਾ:-"ਮਤਲਬ ਕੀ ਤੁਸੀਂ ਦੇਵੀ ਕਾਲੀ ਦੀ ਪੂਜਾ ਕਰਦੇ ਹੋ ?

-ਨਹੀਂ, ਅਜਿਹਾ ਨਹੀਂ ਹੈ। ਦੇਵੀ ਕਾਲੀ ਦੀ ਪੂਜਾ ਤਾਂ ਕਰਦਾ ਹੀ ਹਾਂ। ਪਰ ਮੱਸਿਆ ਨੂੰ ਅੱਧੀ ਰਾਤ ਤੋਂ ਲੈ ਕੇ ਸਵੇਰ ਦੇ ਪਹਿਲੇ ਘੰਟੇ ਤੱਕ ਮੈਂ ਦੇਵੀ ਮਧੂ ਸੁੰਦਰੀ ਦੀ ਪੂਜਾ ਕਰਦਾ ਹਾਂ। ਇਹ ਪੂਜਾ ਕੋਈ ਆਮ ਪੂਜਾ ਨਹੀਂ ਹੈ, ਕਿਉਂਕਿ ਤੰਤਰ ਵਿੱਚ ਦੇਵੀ ਮਧੂ ਸੁੰਦਰੀ ਦਾ ਜ਼ਿਕਰ ਅਤੇ ਸਰੋਤ ਪਹਿਲਾਂ ਹੀ ਮੌਜੂਦ ਹੈ। ਪਰ ਪੂਜਾ ਦੀ ਕੋਈ ਵਿਸਤ੍ਰਿਤ ਪ੍ਰਣਾਲੀ ਦਾ ਵਰਨਣ ਨਹੀਂ ਹੈ. ਮੈਨੂੰ ਇਹ ਮੇਰੇ ਠਾਕੁਰ ਦਾਦਾ ਦੁਆਰਾ ਲਿਖੀ ਸ਼ਾਸ਼ਵਤ ਪੋਥੀ ਦੇ ਪੰਨਿਆਂ ਵਿੱਚ ਲਿਖਿਆ ਦਸ਼ਾ ਮਾਤ੍ਰਿਕਾ ਤੰਤਰ ਦੇ ਅੰਤ ਵਿੱਚ ਮਿਲਿਆ। ਉਸ ਦੇ ਅੰਤ ਵਿੱਚ ਮੈਨੂੰ ਪੂਜਾ ਦੇ ਨਿਯਮ ਮਿਲ ਗਏ। ਕੀ ਤੁਸੀਂ ਸਮਝਦੇ ਹੋ ਕਿ ਮੈਂ ਕਿਸ ਕਿਤਾਬ ਬਾਰੇ ਗੱਲ ਕਰ ਰਿਹਾ ਹਾਂ?

ਮੈਨੂੰ ਯਾਦ ਆਇਆ ਕਿ ਤਾਰਾ ਨਾਥ ਦੇ ਦਾਦਾ ਜੀ ਦੇ ਹੱਥ ਲਿਖੀ ਪੁਸਤਕ ਦਾ ਪਿਛਲਾ ਹਿੱਸਾ ਥੋੜਾ ਜਿਹਾ ਸੜ ਗਿਆ ਸੀ ਅਤੇ ਇਹ ਕੁਝ ਭੁਰਭੁਰਾ ਹੋ ਕੇ ਟੁਕੜੇ-ਟੁਕੜੇ ਹੋ ਗਿਆ ਸੀ। ਇੰਨੇ ਸਮੇਂ ਬਾਅਦ ਤਾਰਾ ਨਾਥ ਨੂੰ ਕਿਤਾਬ ਦਿਖਾਉਣ ਲਈ ਕਹਿਣ ਦਾ ਕੋਈ ਮਤਲਬ ਨਹੀਂ ਹੈ। ਇਸ ਦੇ ਪੱਤੇ ਪੰਜਾਂ ਭੂਤਾਂ ਵਿੱਚ ਅਭੇਦ ਹੋ ਗਏ ਹੋਣਗੇ।

ਮੈਂ ਕਿਹਾ:--"ਤਾਂ ਤੁਹਾਨੂੰ ਉਸ ਪੂਜਾ ਵਿੱਚ ਬੈਠ ਕੇ ਕੀ ਮਿਲਿਆ? ਇਸ ਵਿਸ਼ੇ ਦਾ ਜ਼ਿਕਰ ਕਰਨ ਦਾ ਕੀ ਕਾਰਨ ਹੈ?"

3

ਤਾਰਾ ਨਾਥ ਤਾਂਤ੍ਰਿਕ ਅਤੇ ਬ੍ਰਹਮ ਪਿਸ਼ਾਚ ਭਾਗ 3

ਬਾਹਰ ਮੀਂਹ ਵਧ ਗਿਆ ਹੈ। ਤੇਜ਼ ਹਵਾ ਕਾਰਨ ਖਿੜਕੀਆਂ ਇਕ ਵਾਰ ਖੁੱਲ੍ਹ ਰਹੀਆਂ ਹਨ ਅਤੇ ਫਿਰ ਬੰਦ ਹੋ ਰਹੀਆਂ ਹਨ। ਹਵਾ ਦੇ ਨਾਲ ਮੀਂਹ ਦੀਆਂ ਬੂੰਦਾਂ ਆ ਰਹੀਆਂ ਹਨ। ਅਸ਼ਵਨੀ ਨੇ ਉੱਠ ਕੇ ਖਿੜਕੀ ਨੂੰ ਚੰਗੀ ਤਰ੍ਹਾਂ ਬੰਦ ਕਰ ਦਿੱਤਾ।

ਤਾਰਾ ਨਾਥ ਨੇ ਕਿਹਾ:- ਗੱਲ ਕਰਨ ਵਿੱਚ ਬਹੁਤ ਦੇਰ ਹੋ ਗਈ ਹੈ। ਪਕੌੜੇ ਅਤੇ ਹੋਰ ਚੀਜ਼ਾਂ ਜੋ ਮੈਂ ਤੁਹਾਡੇ ਲਈ ਲਿਆਂਦੀਆਂ ਹਨ ਹੁਣ ਪੂਰੀ ਤਰ੍ਹਾਂ ਠੰਢੀਆਂ ਹੋ ਗਈਆਂ ਹਨ। ਤੁਸੀਂ ਲੋਕ ਕੁਝ ਦੇਰ ਬੈਠੋ, ਮੈਂ ਅੰਦਰੋਂ ਆ ਰਿਹਾ ਹਾਂ। ਇਹ ਸਾਰੇ ਪਕੌੜੇ ਆਦਿ ਗਰਮ ਕਰਨੇ ਪੈਣਗੇ ਅਤੇ ਥੋੜ੍ਹੀ ਗਰਮ ਚਾਹ ਦੀ ਵੀ ਲੋੜ ਪਵੇਗੀ। ਮੈਂ ਹੁਣੇ ਆ ਰਿਹਾ ਹਾਂ।

ਤਾਰਾ ਨਾਥ ਕਈ ਵਾਰ ਗੱਲਾਂ ਕਰਦੇ ਜਾਂ ਕਹਾਣੀਆਂ ਵਿਚਕਾਰ ਘਰ ਦੇ ਅੰਦਰ ਚਲਾ ਜਾਂਦਾ। ਕਦੇ ਸ਼ਾਬਦਿਕ ਤੌਰ 'ਤੇ ਚਾਹ ਬਣਾਉਣ ਲਈ ਕਿਹਾ ਜਾਂਦਾ , ਕਦੇ ਸਾਨੂੰ ਥੋੜਾ ਜਿਹਾ ਸਿਗਰਟ ਪੀਣ ਦਾ ਮੌਕਾ ਦੇਣ ਲਈ.

ਤਾਰਾ ਨਾਥ ਬਜ਼ੁਰਗ ਬੰਦਾ ਹੈ, ਅਸੀਂ ਉਸ ਦੇ ਸਾਹਮਣੇ ਸਿਗਰਟ ਨਹੀਂ ਪੀਂਦੇ। ਅਸੀਂ ਸਾਰੇ ਜਾਣਦੇ ਹਾਂ ਕਿ ਤਾਰਾ ਨਾਥ ਜਾਣਬੁੱਝ ਕੇ ਘੱਟੋ-ਘੱਟ ਪੰਜ-ਛੇ ਮਿੰਟ ਲੇਟ ਆਵੇਗਾ। ਜਿਵੇਂ ਹੀ ਤਾਰਾ ਨਾਥ ਅੰਦਰ ਵੜਿਆ, ਅਸੀਂ ਦੋਵੇਂ ਉੱਠ ਕੇ ਵਰਾਂਡੇ 'ਤੇ ਆ ਖੜ੍ਹੇ ਹੋਏ। ਹਾਲੇ ਵੀ ਹਵਾ ਦੇ ਨਾਲ-ਨਾਲ ਹਲਕੀ ਬੂੰਦਾ-ਬਾਂਦੀ ਹੈ ਪਰ ਵਰਾਂਡੇ ਦੇ ਇੱਕ ਪਾਸੇ ਤਰਪਾਲ ਛਾਈ ਹੋਈ ਹੈ। ਵਰਾਂਡੇ ਦੀ ਉਸ ਥਾਂ 'ਤੇ ਹਵਾ ਘੱਟ ਹੁੰਦੀ ਹੈ। ਅਸ਼ਵਨੀ ਅਤੇ ਮੈਂ ਦੋਵੇਂ ਵਰਾਂਡੇ ਵਿਚ ਸਿਗਰੇਟ ਪੀਣ ਲੱਗ ਪਏ। 3-4 ਜ਼ੋਰਦਾਰ ਪਫ ਲੈਣ ਤੋਂ ਬਾਅਦ ਠੰਡੇ ਪਾਣੀ ਦੀਆਂ ਹਵਾ ਦੀਆਂ ਬੂੰਦਾਂ ਦਾ ਠੰਡਾ ਅਹਿਸਾਸ ਗਾਇਬ ਹੋ ਗਿਆ। ਘਰ ਦੇ ਅੰਦਰੋਂ ਹਾਸੇ ਦੀ ਆਵਾਜ਼ ਸੁਣ ਕੇ ਮੈਂ ਸਮਝ ਗਿਆ ਕਿ ਤਾਰਾ ਨਾਥ ਵਾਪਸ ਆ ਗਿਆ ਹੈ।

--- ਕੀ ਤੁਸੀਂ ਘਰ ਜਾਣ ਦਾ ਇਰਾਦਾ ਰੱਖਦੇ ਹੋ?

ਮੈਂ ਅੰਦਰ ਵੜਦਿਆਂ ਕਿਹਾ- "ਨਹੀਂ ਨਹੀਂ ---ਮੈਂ ਥੋੜੀ ਜਿਹੀ ਬਰਸਾਤ ਦੇਖ ਰਿਹਾ ਸੀ--- ਤੇ ਹੋਰ ਕੀ? ਬਹੁਤ ਜ਼ੋਰਦਾਰ ਮੀਂਹ ਪੈਣਾ ਸ਼ੁਰੂ ਹੋ ਗਿਆ। ਜੇ ਅਜਿਹੇ ਦਿਨ ਕੋਈ ਚੰਗੀ ਕਹਾਣੀ ਨਾ ਹੋਵੇ ਤਾਂ ਸੁਆਦ ਕਿਵੇਂ ਆਵੇਗਾ?"

ਗੱਦੀ ਦੇ ਕੋਲ ਬੈਠੇ ਤਾਰਾ ਨਾਥ ਨੇ ਕਿਹਾ: "ਮੈਂ ਸਮਝਦਾ ਹਾਂ, ਤੁਸੀਂ ਲੋਕ ਮੀਂਹ ਦੇਖ ਰਹੇ ਸੀ। ਥੋੜ੍ਹੀ ਦੇਰ ਬਾਅਦ ਗਰਮ ਪਕੌੜੇ ਅਤੇ ਚਾਹ ਆ ਰਹੇ ਹਨ, ਚਲੋ ਖਾਣਾ ਖਾਂਦੇ ਸਮੇਂ ਦੇਖਦੇ ਹਾਂ ਕਿ ਕੋਈ ਕਹਾਣੀ ਯਾਦ ਹੈ ਜਾਂ ਨਹੀਂ।"

ਮੈਂ ਕਿਹਾ:-"ਪਰ ਪੈਰਾਂ ਹੇਠ ਗੁਦਗੁਦਾਉਣ ਵਾਲੇ ਰਾਜ਼ ਬਾਰੇ ਤੁਸੀਂ ਅਜੇ ਤੱਕ ਕੁਝ ਨਹੀਂ ਦੱਸਿਆ? 11 ਤਰੀਕ ਦੀ ਰਾਤ ਦੀ ਪੂਜਾ ਵੇਲੇ ਕੀ ਹੋਇਆ?" ਤਾਰਾ ਨਾਥ ਨੇ ਸਾਡੇ ਵੱਲੋਂ ਦਿੱਤੇ ਸਿਗਰਟਾਂ ਦੇ ਪੈਕੇਟ ਵਿੱਚੋਂ ਇੱਕ ਸਿਗਰਟ ਕੱਢੀ ਅਤੇ ਤਸੱਲੀ ਨਾਲ ਸਿਗਰਟ ਪੀਣ ਲੱਗ ਪਿਆ।

ਤਾਰਾ ਨਾਥ ਨੇ ਕਿਹਾ:-"ਕੀ ਤੁਸੀਂ ਜਾਣਦੇ ਹੋ ਕਿ ਅਸਲ ਗੱਲ ਕੀ ਹੈ? ਆਮ ਲੋਕ ਅਕਸਰ ਤੰਤਰ ਸਾਧਨਾ ਦੀਆਂ ਇਹ ਸਾਰੀਆਂ ਡੂੰਘੀਆਂ ਗੱਲਾਂ ਨੂੰ ਸਮਝ ਨਹੀਂ ਪਾਉਂਦੇ ਹਨ। ਇਸ ਲਈ ਮੈਂ ਕਿਸੇ ਨੂੰ ਆਸਾਨੀ ਨਾਲ ਨਹੀਂ ਦੱਸਦਾ। ਅਤੇ ਇਹ ਸਭ ਅਨੁਭਵ ਬਹੁਤ ਘੱਟ ਹੁੰਦਾ ਹੈ। 11 ਤਰੀਕ ਦੇ ਯੱਗ ਨੂੰ ਪੂਰਾ ਕਰਨ ਤੋਂ ਬਾਅਦ ਮਧੂ ਸੁੰਦਰੀ ਦੇਵੀ ਦੇ ਮੇਰੇ ਮਨ ਵਿਚ ਅਹਿਸਾਸ ਕਰਾਇਆ ਕਿ ਅਗਲੇ ਦਿਨ ਬੰਗਲਾਦੇਸ਼ ਦੇ ਦੱਖਣ ਪੂਰਬੀ ਹਿੱਸੇ ਵਿਚ ਭੂਚਾਲ ਆਵੇਗਾ।

ਕਲਕੱਤਾ ਖਾਸ ਤੌਰ 'ਤੇ ਪ੍ਰਭਾਵਿਤ ਹੋਵੇਗਾ। ਪੁਰਾਣੇ ਮਸ਼ਹੂਰ ਭੂਚਾਲ ਵੇਲੇ ਤੁਸੀਂ ਲੋਕ ਬਹੁਤ ਛੋਟੇ ਸੀ, ਸ਼ਾਇਦ ਤੁਹਾਨੂੰ ਯਾਦ ਨਹੀਂ। ਮੈਂ ਸੋਚਿਆ ਕਿ ਬਹੁਤ ਸਾਰੇ ਲੋਕ ਮਰ ਜਾਣਗੇ ਅਤੇ ਘਰ ਤਬਾਹ ਹੋ ਜਾਣਗੇ।

ਲੋਕਾਂ ਦੇ ਭਲੇ ਤੋਂ ਵੱਡਾ ਕੋਈ ਧਰਮ ਨਹੀਂ ਹੈ। ਪਰ ਜੇ ਅਸੀਂ ਕੁਦਰਤ ਦੀ ਇੰਨੀ ਵੱਡੀ ਤਾਕਤ ਨੂੰ ਰੋਕਣਾ ਹੈ, ਤਾਂ ਸਾਨੂੰ ਬਰਾਬਰ ਊਰਜਾ ਨਾਲ ਕੰਮ ਕਰਨਾ ਪਵੇਗਾ। ਯੱਗ ਦੇ ਅੰਤ ਵਿੱਚ ਮੈਂ ਇਹ ਵੇਖਣ ਲਈ ਇੱਕ ਵਿਸ਼ੇਸ਼ ਵਿਧੀ ਕੀਤੀ ਕਿ ਇਹ ਮਿੱਟੀ ਇਸ ਖੇਤਰ ਵਿੱਚ ਭੂਚਾਲ ਦੀ ਧਾਰਾ ਦੇ ਹੇਠਾਂ ਕਿਵੇਂ ਵਹਿ ਜਾਵੇਗੀ।

ਮੈਂ ਕਿਹਾ- ਫਿਰ ਸਾਨੂੰ ਕਿਵੇਂ ਅਹਿਸਾਸ ਹੋਇਆ ਤੇ ਉਹ ਬੁੱਢਾ ਸੱਜਣ ਜਿਸਨੂੰ ਮੈਂ ਸੜਕ 'ਤੇ ਮਿਲਿਆ ਸੀ ਜਾਂ ਅਸ਼ਵਨੀ ਨੇ ਜੋ ਸਿਆਲਦਾਹ ਦੇ ਪਲੇਟਫਾਰਮ 'ਤੇ ਆਪਣੀ ਜੁੱਤੀ ਉਤਾਰ ਕੇ ਦੇਖਿਆ ਸੀ।

-- ਅਸ਼ਵਿਨੀ ਜਾਂ ਜਿਨ੍ਹਾਂ ਲੋਕਾਂ ਨੂੰ ਤੁਸੀਂ ਮਿਲੇ ਹੋ, ਉਨ੍ਹਾਂ ਵਿੱਚ ਕੁਝ ਵਿਸ਼ੇਸ਼ ਭਾਵਨਾਤਮਕ ਸ਼ਕਤੀ ਹੈ। ਇਸ ਲਈ ਤੁਸੀਂ ਲੋਕ ਇਸਨੂੰ ਮਹਿਸੂਸ ਕਰ ਸਕਦੇ ਹੋ। ਇਹ ਇੱਕ ਸਰੀਰਕ ਭਾਵਨਾ ਹੈ. ਜੇਕਰ ਪਾਣੀ ਵਿੱਚ ਤੇਲ ਪਾਇਆ ਜਾਂਦਾ ਹੈ ਤਾਂ ਲਹਿਰਾਂ ਦੀ ਉਚਾਈ ਘੱਟ ਜਾਂਦੀ ਹੈ, ਇਸ ਲਈ ਮੈਂ ਤੰਤਰ ਦੀ ਸ਼ਕਤੀ ਨੂੰ ਲਾਗੂ ਕਰਕੇ ਭੂਚਾਲ ਦੀ ਤੀਬਰਤਾ ਨੂੰ ਘਟਾ ਦਿੱਤਾ।

ਮੈਂ ਕਿਹਾ:-"ਪਰ ਭਾਵੇਂ ਇਹ ਬਹੁਤ ਛੋਟਾ ਜਿਹਾ ਝਟਕਾ ਸੀ, ਇਸ ਦਾ ਪਤਾ ਤਾਂ ਵਿਗਿਆਨੀਆਂ ਦੇ ਸੀਸਮੋਗ੍ਰਾਫ਼, ਭੂਚਾਲਾਂ ਨੂੰ ਮਾਪਣ ਵਾਲੇ ਯੰਤਰ ਨਾਲ ਲੱਗ ਜਾਂਦਾ, ਪਰ ਇੱਥੇ ਪਤਾ ਕਿਉਂ ਨਹੀਂ ਲੱਗਾ?"

ਇਸ ਦੇ ਜਵਾਬ ਵਿਚ ਤਾਰਾ ਨਾਥ ਨੇ ਜੋ ਕਿਹਾ ਉਹ ਵਿਗਿਆਨਕ ਤਰਕ ਦੇ ਅਨੁਸਾਰ ਸੀ:---" -"ਜੇ ਤੁਸੀਂ ਇਸ ਖ਼ਬਰ ਨੂੰ ਸੁਣਿਆ ਹੁੰਦਾ, ਤਾਂ ਤੁਹਾਨੂੰ ਪਤਾ ਹੁੰਦਾ । ਦੁਨੀਆਂ ਭਰ ਵਿਚ ਹਰ ਰੋਜ਼ ਸੈਂਕੜੇ ਭੂਚਾਲ ਆ ਰਹੇ ਹਨ। ਜਿਹਨਾਂ ਦੀ ਤੀਬਰਤਾ ਇੱਕ ਨਿਸ਼ਚਿਤ ਪੱਧਰ ਤੋਂ ਉੱਪਰ ਨਹੀਂ ਹੁੰਦੀ ਹੈ, ਅਸੀਂ ਸਮਝ ਸਕਦੇ ਹਾਂ ਕਿ ਵਿਗਿਆਨੀਆਂ ਦੀ ਮਸ਼ੀਨ ਨੇ ਇਸ ਦਿਨ ਦੀ ਬਹੁਤ ਕਮਜ਼ੋਰ ਵਾਈਬ੍ਰੇਸ਼ਨ ਨੂੰ ਜਰੂਰ ਫੜਿਆ ਹੋਣਾ ਚਾਹੀਦਾ ਹੈ, ਪਰ ਦੱਸਣ ਲਈ ਕੁਝ ਨਹੀਂ ਹੈ।

ਇਸ ਸਮੇਂ ਤਾਰਾ ਨਾਥ ਦੀ ਬੇਟੀ ਚਾਰੀ ਨੇ ਘਰ ਦੇ ਅੰਦਰੋਂ ਇਕ ਹੱਥ ਵਿਚ ਗਰਮ ਪਕੌੜਿਆਂ ਦੀ ਥਾਲੀ ਅਤੇ ਦੂਜੀ ਥਾਲੀ ਵਿਚ ਚਾਹ ਦੇ ਕੱਪ ਲਿਆ ਕੇ ਸਾਡੇ ਸਾਹਮਣੇ ਮੰਜੀ 'ਤੇ ਰੱਖ ਦਿੱਤੇ । ਮੈਂ ਚਾਰੀ ਨੂੰ ਉਦੋਂ ਤੋਂ ਦੇਖ ਰਿਹਾ ਹਾਂ ਜਦੋਂ ਉਹ ਬਹੁਤ ਛੋਟੀ ਸੀ। ਉਹ ਸੱਚਮੁੱਚ ਸੁੰਦਰ ਕੁੜੀ ਹੈ. ਵਿਆਹ ਤੋਂ ਬਾਅਦ ਉਹ ਹੁਣ ਹੋਰ ਵੀ ਖੂਬਸੂਰਤ

ਲੱਗ ਰਹੀ ਹੈ। 60 ਸਾਲ ਦੀ ਉਮਰ ਵਿੱਚ ਵੀ ਤਾਰਾ ਨਾਥ ਦਾ ਰੰਗ ਗੋਰਾ ਅਤੇ ਵੱਡੀਆਂ ਅੱਖਾਂ ਵਾਲਾ ਚਿਹਰਾ ਹੈ। ਧੀ ਨੂੰ ਆਪਣੇ ਪਿਤਾ ਦੀਆਂ ਅੱਖਾਂ ਅਤੇ ਰੰਗਤ ਵਿਰਾਸਤ ਵਿੱਚ ਮਿਲੀ ਹੈ। ਮੈਂ ਕਿਹਾ:-"ਚਾਰੀ , ਤੂੰ ਕਦੋਂ ਆਈ ?

ਉਹ ਵੀ ਸਾਨੂੰ ਬਚਪਨ ਤੋਂ ਹੀ ਦੇਖਦੀ ਆਈ ਹੈ , ਇਸ ਲਈ ਚਾਰੀ ਨੇ ਸਹਿਜੇ ਹੀ ਕਿਹਾ:- “ਕਾਕਾ ਬਾਬੂ, ਚਾਰ-ਪੰਜ ਦਿਨ ਪਹਿਲਾਂ ਹੀ ਆਈ ਹਾਂ , ਤੁਸੀਂ ਕਿਵੇਂ ਹੋ?

ਮੈਂ ਕਿਹਾ:-"ਠੀਕ ਹੈ। ਚਾਰਿ , ਤੁਸੀਂ ਅਚਾਨਕ ਸਿਆਣੀ ਬਣ ਗਏ ਹੋ! ਤੈਨੂੰ ਯਾਦ ਹੈ ਜਦੋਂ ਅਸੀਂ ਇੱਥੇ ਆਉਂਦੇ ਸੀ, ਤੁਸੀਂ ਸਾਡੇ ਸਾਹਮਣੇ ਗੁੱਡੀਆਂ ਅਤੇ ਡਿਜ਼ਾਈਨ ਕੀਤੇ ਲੇਸ 'ਲਿਆਉਣ ਤੇ ਜ਼ੋਰ ਦਿੰਦੇ ਸੀ?"

ਚਾਰੀ ਮੁਸਕਰਾ ਕੇ ਚੁੱਪ ਖੜੀ ਰਹੀ।

4

ਤਾਰਾ ਨਾਥ ਤਾਂਤ੍ਰਿਕ ਅਤੇ ਬ੍ਰਹਮ ਪਿਸ਼ਾਚ ਭਾਗ 4

ਇੱਕ ਤਾਂ ਪਿਤਾ ਦਾ ਘਰ ਹੈ ਅਤੇ ਇਸ ਦੇ ਉੱਪਰ ਅਸੀਂ ਬਹੁਤ ਪੁਰਾਣੇ ਮਹਿਮਾਨ ਹਾਂ। ਇਸੇ ਲਈ ਉਸ ਨੇ ਸਿਰ 'ਤੇ ਚੁੰਨੀ ਦਾ ਵੀ ਧਿਆਨ ਨਹੀਂ ਕੀਤਾ । ਚਾਰੀ ਦਾ ਸੁਭਾਅ ਬਹੁਤ ਮਿੱਠਾ ਹੈ।

ਉਸਨੇ ਕਿਹਾ:-"ਅਗਲੀ ਵਾਰੀ ਆਉ ਤਾਂ ਮੇਰੇ ਲਈ ਇੱਕ ਅਸਲੀ ਗੁੱਡੀ ਲੈ ਕੇ ਆਉ। ਹੁਣ ਕਦੇ-ਕਦੇ ਮੈਨੂੰ ਗੁੱਡੀਆਂ ਨਾਲ ਖੇਡਣ ਦਾ ਦਿਲ ਕਰਦਾ ਹੈ।"

ਮੈਂ ਕਿਹਾ:--"ਅਗਲੀ ਵਾਰ ਆਉਣ ਵਿੱਚ ਸ਼ਾਇਦ ਥੋੜੀ ਦੇਰ ਹੋ ਜਾਵੇਗੀ। ਤੁਸੀਂ ਇੰਨਾ ਚਿਰ ਇੱਥੇ ਰੁਕੋਗੇ?"

- ਹਾਂ ਕਾਕਾ ਬਾਬੂ, ਮੈਂ ਰਹਾਂਗੀ । ਇਸ ਵਾਰ ਮੈਨੂੰ ਕੁਝ ਸਮਾਂ ਆਪਣੇ ਮਾਤਾ-ਪਿਤਾ ਕੋਲ ਰਹਿਣਾ ਪਵੇਗਾ। ਯਾਦ ਰੱਖਿਓ ਅਤੇ ਗੁੱਡੀ ਲਿਆਇਓ.

ਅਸੀਂ ਤਾਰਾ ਨਾਥ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਿਆ। ਤਾਰਾ ਨਾਥ ਨੇ ਮੁਸਕਰਾ ਕੇ ਕਿਹਾ:- ਚਾਰੀ ਨੂੰ ਬੱਚਾ ਹੋਣ ਵਾਲਾ ਹੈ । ਇਸ ਲਈ ਮੈਂ ਇਸਨੂੰ ਇਸ ਵਾਰ ਆਪਣੇ ਕੋਲ ਲੈ ਕੇ ਆਇਆ ਹਾਂ। ਪਹਿਲੇ ਜਨਮ ਦੇ ਸਮੇਂ ਮਾਂ ਦੇ ਘਰ ਰਹਿਣਾ ਚੰਗਾ ਹੁੰਦਾ ਹੈ। ਥੋੜਾ ਚਿੰਤਤ ਸੀ। ਕਿਉਂਕਿ ਇਸ ਸਮੇਂ ਮੇਰਾ ਜੋਤਸ਼ੀ ਦਾ ਕਾਰੋਬਾਰ ਠੀਕ ਨਹੀਂ ਚੱਲ ਰਿਹਾ। ਮਧੂ ਸੁੰਦਰੀ ਦੇਵੀ ਨੇ ਕਿਹਾ ਸੀ ਕਿ ਮੈਨੂੰ ਕਦੇ ਵੀ ਭੋਜਨ ਦੀ ਕਮੀ ਮਹਿਸੂਸ ਨਹੀਂ ਹੋਵੇਗੀ।

ਮੈਂ ਮੋਟੇ ਚੌਲਾਂ ਅਤੇ ਕੁਝ ਕੱਪੜਿਆਂ ਨਾਲ ਦਿਨ ਕੱਟ ਲਵਾਂਗਾ। ਇਹੀ ਹੋ ਰਿਹਾ ਹੈ। ਪਰ ਇਸ ਸਮੇਂ ਲੜਕੀਆਂ ਨੂੰ ਕੁਝ ਚੰਗਾ ਭੋਜਨ, ਕੁਝ ਮੀਟ, ਮੱਛੀ, ਦੁੱਧ ਅਤੇ ਹੋਰ ਪੌਸ਼ਟਿਕ ਭੋਜਨ ਖਿਲਾਉਣਾ ਚਾਹੀਦਾ ਹੈ।

-- ਮੈਂ ਸਮਝਿਆ ਨਹੀਂ?

--ਇਨ੍ਹਾਂ ਸਮਾਨਾਂ ਲਈ ਹੱਥ ਵਿਚ ਕੁਝ ਪੈਸਾ ਹੋਣਾ ਜ਼ਰੂਰੀ ਹੈ। ਭਾਵੇਂ ਜਵਾਈ ਬਹੁਤ ਵਧੀਆ ਇਨਸਾਨ ਹੈ। ਅਤੇ ਉਹ ਚਾਰੀ ਨੂੰ ਇੱਥੇ ਭੇਜਣਾ ਵੀ ਨਹੀਂ ਚਾਹੁੰਦਾ ਸੀ। ਉਸ ਕਿਹਾ:-"ਉਸਨੂੰ ਇੱਥੇ ਹੀ ਰਹਿਣ ਦਿਓ, ਠੀਕ? ਸਾਡਾ ਇੱਕ ਰਲਿਆ-ਮਿਲਿਆ ਪਰਿਵਾਰ ਹੈ । ਜੇ ਉਹ ਇੱਥੇ ਰਹੇ ਤਾਂ ਵੀ ਕੋਈ ਸਮੱਸਿਆ ਨਹੀਂ ਹੋਵੇਗੀ।" ਮੈਨੂੰ ਇਹ ਵੀ ਪਤਾ ਸੀ ਕਿ ਕੋਈ ਸਮੱਸਿਆ ਨਹੀਂ ਹੋਵੇਗੀ ਪਰ ਇਸ ਸਮੇਂ ਜੇਕਰ ਧੀ ਆਪਣੇ ਪੇਕੇ ਘਰ ਰਹਿੰਦੀ ਹੈ ਤਾਂ ਉਹ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੀ ਹੈ ਅਤੇ ਝਿਜਕ ਨਹੀਂ ਹੁੰਦੀ, ਇਸੇ ਲਈ ਮੈਂ ਉਸਨੂੰ ਲੈ ਕੇ ਆਇਆ ਹਾਂ।

ਪਰ ਤੁਸੀਂ ਜਾਣਦੇ ਹੋ ਕਿ ਦਿਲਚਸਪ ਘਟਨਾ ਕੀ ਹੋਈ? ਚਾਰਿ ਦੇ ਆਉਣ ਤੋਂ 2-3 ਦਿਨਾਂ ਬਾਅਦ ਮੇਰੀ ਆਰਥਿਕ ਹਾਲਤ ਕੁਝ ਸੁਧਰਨ ਲੱਗੀ। ਹੱਥ ਦੇਖਣ ਵਾਲੇ ਗਾਹਕਾਂ ਤੋਂ ਮੈਨੂੰ ਕੁੰਡਲੀਆਂ ਬਣਾਉਣ ਦੇ ਆਰਡਰ ਮਿਲਣ ਲੱਗੇ। ਹੁਗਲੀ ਦੇ ਤਾਲ ਦਿਘੀ ਪਿੰਡ ਵਿੱਚ, ਮੇਰੇ ਮਾਮਾ ਜੀ ਦਾ ਇੱਕ ਦੂਰ ਦਾ ਰਿਸ਼ਤੇਦਾਰ ਰਹਿੰਦਾ ਸੀ। ਉਸ ਦੀ ਅਚਾਨਕ ਮੌਤ ਹੋ ਗਈ। ਉਸ ਦੇ ਕੋਈ ਬੱਚੇ ਨਹੀਂ ਸਨ। ਮੈਂ ਉਸਦਾ ਇੱਕੋ ਇੱਕ ਵਾਰਸ ਸੀ। ਜਦੋਂ ਮੈਨੂੰ ਖ਼ਬਰ ਮਿਲੀ ਤਾਂ ਮੈਂ ਉੱਥੇ ਗਿਆ ਤਾਂ ਮੈਨੂੰ ਪਤਾ ਲੱਗਾ ਕਿ ਉਹਨਾਂ ਸਾਰੀ ਜਾਇਦਾਦ ਮੇਰੇ ਨਾਮ 'ਤੇ ਕਰ ਦਿੱਤੀ ਹੈ, ਪਰ ਉਸ ਜਾਇਦਾਦ ਦਾ ਮੈਨੂ ਕੋਈ ਫਾਇਦਾ ਨਹੀਂ ਸੀ । ਇਸੇ ਲਈ ਕੁਝ ਦਿਨ ਰੁਕਣ ਤੋਂ ਬਾਅਦ ਸਭ ਕੁਝ ਵੇਚ ਦਿੱਤਾ ਅਤੇ ਨਕਦੀ ਲੈ ਕੇ ਘਰ ਪਰਤ ਆਇਆ। ਇਸ ਤਰ੍ਹਾਂ ਮੈਂ ਕਾਹਲੀ ਵਿੱਚ ਜ਼ਮੀਨ ਵੇਚ ਦਿੱਤੀ, ਜਿਸ ਕਾਰਨ ਮੈਨੂੰ ਇਸ ਦੀ ਕੀਮਤ ਘੱਟ ਮਿਲੀ, ਪਰ ਮੈਨੂੰ ਚਾਰੀ ਲਈ ਪੈਸੇ ਦੀ ਲੋੜ ਸੀ। ਇਹ ਸੋਚ ਕੇ ਇਸ ਨੂੰ ਸਸਤੇ ਭਾਅ 'ਤੇ ਵੇਚ ਦਿੱਤਾ। ਮੈਨੂੰ ਪਤਾ ਸੀ ਕਿ ਅਜਿਹਾ ਹੋਵੇਗਾ। ਚਾਰੀ ਦਾ ਜਨਮ ਅੰਸ਼ ਦੇਵੀ ਦੇ ਆਸ਼ੀਰਵਾਦ ਨਾਲ ਹੋਇਆ ਸੀ। ਮੇਰਾ ਇਹ ਆਰਥਿਕ ਸੁਧਾਰ ਕੇਵਲ ਅਸਥਾਈ ਹੈ। ਜਦੋਂ ਚਾਰੀ ਬੱਚਾ ਹੋਣ ਤੋਂ ਬਾਅਦ ਆਪਣੇ ਸਹੁਰੇ ਘਰ ਪਰਤ ਜਾਵੇਗੀ , ਮੇਰੀ ਫਿਰ ਉਹੀ ਸਥਿਤੀ ਹੋਵੇਗੀ , ਪੁਰਾਣੀ ਲੀਕ ।

5

ਪਕੌੜੇ ਖਾ ਕੇ ਚਾਹ ਦੀ ਚੁਸਕੀ ਲੈਂਦੇ ਹੋਏ ਅਸ਼ਵਨੀ ਨੇ ਕਿਹਾ:- "ਚੱਕਰਵਰਤੀ ਜੀ, ਅਸੀਂ ਅੱਜ ਇੱਕ ਚੰਗੀ ਕਹਾਣੀ ਦੀ ਆਸ ਲੈ ਕੇ ਆਏ ਸੀ। ਕੀ ਅੱਜ ਸਾਨੂੰ ਕੋਈ ਚੰਗੀ ਕਹਾਣੀ ਸੁਣਨ ਨੂੰ ਨਹੀਂ ਮਿਲੇਗੀ? ਕਹਾਣੀਆਂ ਲਈ ਵੀ ਦਿਨ ਅੱਜ ਚੰਗਾ ਹੈ--

ਤਾਰਾ ਨਾਥ ਨੇ ਦੋ-ਤਿੰਨ ਚੁਸਕੀਆਂ ਤੋਂ ਬਾਅਦ ਚਾਹ ਮੁਕਾ ਕੇ, ਹੁੱਕੇ ਨੂੰ ਜਗਾਉਂਦੇ ਹੋਏ ਕਿਹਾ:- ਮੈਂ ਹੋਰ ਕੀ ਕਹਾਂ, ਕਿੰਨੀਆਂ ਵੱਖਰੀਆਂ ਯਾਦਾਂ ਸੀਨੇ ਵਿਚ ਸਾਂਭੀਆਂ ਹੋਈਆਂ ਹਨ। ਮੈਨੂੰ ਇੱਕ ਘਟਨਾ ਯਾਦ ਆ ਰਹੀ ਹੈ ਜੋ ਮੈਂ ਤੁਹਾਨੂੰ ਨਹੀਂ ਦੱਸੀ। ਇਹ ਘਟਨਾ ਅਜਿਹੇ ਹੀ ਇੱਕ ਬਰਸਾਤ ਵਾਲੇ ਦਿਨ ਸ਼ੁਰੂ ਹੋਈ ਸੀ। ਅਜਿਹਾ 20 ਤੋਂ 22 ਸਾਲ ਪਹਿਲਾਂ ਹੋਇਆ ਸੀ, ਵਿਆਹ ਕੁਝ ਸਮਾਂ ਪਹਿਲਾਂ ਹੀ ਹੋਇਆ ਸੀ, ਉਸ ਸਮੇਂ ਬੱਚਾ ਨਹੀਂ ਹੋਇਆ ਸੀ। ਘਰ ਵਿੱਚ ਮੈਂ ਤੇ ਮੇਰੀ ਪਤਨੀ , ਦੋ ਹੀ ਜੀਅ ਸੀ। ਆਪਣੇ ਹੱਥਾਂ ਨਾਲ ਮਾਰਕੀਟ ਕਰਨਾ ਮੈਨੂੰ ਪਸੰਦ ਸੀ . ਅਜਿਹੇ ਘਰੇਲੂ ਕੰਮ ਲਈ ਕਿਸੇ ਕਰਮਚਾਰੀ ਨੂੰ ਨਿਯੁਕਤ ਕਰਨ ਦੀ ਕਦੇ ਸਮਰੱਥਾ ਵੀ ਨਹੀਂ ਸੀ। ਇੱਕ ਦਿਨ ਕਰੀਬ 10:00 ਵਜੇ ਮੈਂ ਬਜ਼ਾਰ ਤੋਂ ਵਾਪਿਸ ਆ ਕੇ ਇਸ ਕਮਰੇ ਵਿੱਚ ਬੈਠਾ ਹੀ ਸੀ ਕਿ ਇੱਕ ਆਦਮੀ ਆਇਆ। ਉਮਰ 30 ਤੋਂ 32 ਸਾਲ। ਗੂੜ੍ਹਾ ਰੰਗ. ਇੱਕ ਬਹੁਤ ਹੀ ਆਮ ਮੱਧ ਵਰਗ ਬੰਗਾਲੀ ਵਰਗਾ ਦਿਸਦਾ ਸੀ। ਇਕ ਵਾਰ ਦੇਖਣ ਤੋਂ ਬਾਅਦ ਦੂਜੀ ਵਾਰ ਦੇਖਣ ਦੀ ਲੋੜ ਨਹੀਂ ਸੀ, ਪਰ ਦੋ ਕਾਰਨਾਂ ਕਰਕੇ ਦੇਖਣਾ ਪਿਆ।

ਪਹਿਲਾ ਕਾਰਨ:---ਉਸਦੀਆਂ ਅੱਖਾਂ ਵਿੱਚ ਇੱਕ ਬੇਵੱਸੀ ਸੀ । ਮੈਂ ਇਸ ਤੋਂ ਪਹਿਲਾਂ ਵੀ ਹੋਰਨਾਂ ਲੋਕਾਂ ਦੀਆਂ ਅੱਖਾਂ ਵਿੱਚ ਅਜਿਹੀ ਬੇਵਸੀ ਵੇਖੀ ਹੈ ਜਦੋਂ ਕਿਸੇ ਨੂੰ ਕਿਸੇ ਰਹੱਸਮਈ ਘਟਨਾ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਲੋਕਾਂ ਦੀਆਂ ਅੱਖਾਂ ਵਿੱਚ ਦੂਜਿਆਂ ਦੇ ਸਮਰਥਨ ਦੀ ਭਾਵਨਾ ਵੀ ਉੱਭਰਦੀ ਹੈ।

ਦੂਜਾ:- ਮੈਂ ਮਹਿਸੂਸ ਕੀਤਾ ਕਿ ਉਹ ਆਦਮੀ ਬਹੁਤ ਖ਼ਤਰੇ ਵਿੱਚ ਸੀ। ਇਹ ਯੋਗਤਾ ਮੈਨੂੰ ਮਧੂ ਸੁੰਦਰੀ ਦੇਵੀ ਨੇ ਦਾਨ ਕੀਤੀ ਸੀ। ਮੈਂ ਸਾਰੀ ਉਮਰ ਇਸ ਨੂੰ ਲੋਕਾਂ ਦੀ ਭਲਾਈ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਜੇ ਤੁਸੀਂ ਪੁੱਛਦੇ ਹੋ ਕਿ ਮੈਂ ਇਸ ਨੂੰ ਕਿਵੇਂ ਸਮਝਦਾ ਹਾਂ, ਤਾਂ ਮੇਰੇ ਕੋਲ ਕੋਈ ਜਵਾਬ ਨਹੀਂ ਹੈ. ਅੰਦਰ ਦੀਆਂ ਕੁੱਝ ਭਾਵਨਾਵਾਂ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

ਉਸ ਆਦਮੀ ਨੇ ਆ ਕੇ ਮੇਰੇ ਪੈਰਾਂ 'ਤੇ ਹੱਥ ਰੱਖ ਕੇ ਮੱਥਾ ਟੇਕਿਆ। ਫਿਰ ਜਿਵੇਂ ਹੀ ਉਹ ਸਿੱਧਾ ਖੜ੍ਹਾ ਹੋਇਆ ਮੈਂ ਪੁੱਛਿਆ: ਬੈਠੋ! ਇਹ ਕਦੋਂ ਤੋਂ ਹੋ ਰਿਹਾ ਹੈ? ਕੀ ਇਹ ਚੌਲਾਂ ਨੂੰ ਪਕਾਉਣ ਨਾਲ ਸ਼ੁਰੂ ਹੋਇਆ ਸੀ?

ਉਸ ਆਦਮੀ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਹੈਰਾਨੀ ਭਰਿਆ ਦਿਖਾਈ ਦੇ ਰਿਹਾ ਸੀ।

ਉਸਨੇ ਰੁਕ ਕੇ ਆਪਣਾ ਸਿਰ ਮੇਰੇ ਪੈਰਾਂ 'ਤੇ ਫਿਰ ਰੱਖ ਦਿੱਤਾ।

ਮੈਂ ਉਸਦਾ ਮੋਢਾ ਫੜ ਕੇ ਉਸਨੂੰ ਸਿੱਧਾ ਬੈਠਾਇਆ ਅਤੇ ਕਿਹਾ: - ਹੇ, ਅਜਿਹਾ ਨਾ ਕਰੋ, ਤੁਹਾਨੂੰ ਖ਼ਤਰੇ ਵਿੱਚ ਡੋਲਣਾ ਨਹੀਂ ਚਾਹੀਦਾ। ਪ੍ਰਮਾਤਮਾ ਖ਼ਤਰੇ ਤੋਂ ਉਨ੍ਹਾਂ ਨੂੰ ਮੁਕਤ ਕਰਦਾ ਹੈ ਜੋ ਹਿੰਮਤ ਨਾਲ ਲੜਨਾ ਜਾਣਦੇ ਹਨ। ਤੁਸੀਂ ਮੈਨੂੰ ਖੁੱਲ੍ਹ ਕੇ ਦੱਸੋ।

6

ਤਾਰਾ ਨਾਥ ਤਾਂਤਰਿਕ ਅਤੇ ਬ੍ਰਹਮਾ ਪਿਸ਼ਾਚ ਭਾਗ 6

ਉਸ ਆਦਮੀ ਨੇ ਕਿਹਾ:- "ਮੇਰਾ ਨਾਮ ਰੰਦਾਚਰਨ ਘੋਸ਼ ਹੈ। ਮੈਂ ਰਾਮਨਗਰ ਪਿੰਡ ਵਿੱਚ ਰਹਿੰਦਾ ਹਾਂ। ਕਟਵਾ ਤੋਂ ਉੱਤਰ ਕੇ ਜਾਣਾ ਪੈਂਦਾ ਹੈ। ਅਸਲ ਵਿੱਚ ਇਹ ਬਹੁਤ ਹੀ ਛੋਟਾ ਜਿਹਾ ਪਿੰਡ ਹੈ। ਕਟਵਾ ਸ਼ਹਿਰ ਤੋਂ 10-11 ਮੀਲ ਦੂਰ ਹੈ। ਸਾਡੇ 4-5 ਘਰ ਹਨ। ਮੈਂ ਇਹ ਨਹੀਂ ਦੱਸ ਸਕਦਾ ਕਿ ਸਾਡੇ ਪੂਰਵਜ ਪਹਿਲਾਂ ਕਿੱਥੇ ਸਨ । ਮੈਂ ਹੀ ਇੱਕ ਅਜਿਹਾ ਵਿਅਕਤੀ ਹਾਂ ਜਿਸਨੂੰ ਕੱਮ ਲਈ ਕਟਵਾ ਜਾਣਾ ਪੈਂਦਾ ਹੈ ।

ਆਚਾਰੀਆ, ਮੇਰੇ ਪਿੰਡ ਦੇ ਇੱਕ ਪਾਸੇ ਕਮਲਾਕਸ਼ੀ ਨਾਂ ਦੀ ਨਦੀ ਹੈ, ਪਾਣੀ ਦੀ ਧਾਰਾ ਗਰਮੀਆਂ ਵਿੱਚ ਵੀ ਸੁੱਕਦੀ ਨਹੀਂ ਹੈ, ਨਦੀ ਵਿੱਚ ਨਹਾਉਣ ਦੀ ਆਦਤ ਹੈ , ਕਿਉਂਕਿ ਇੱਥੇ ਪਾਣੀ ਦਾ ਕੋਈ ਹੋਰ ਸਰੋਤ ਨਹੀਂ ਹੈ, ਇਸ ਲਈ ਪਿੰਡ ਵਿੱਚ ਹਰ ਕੋਈ ਨਦੀ ਵਿੱਚ

ਨਹਾਉਂਦਾ ਹੈ। ਨਦੀ ਹੌਲੀ ਹੌਲੀ ਪਾਣੀ ਵਗਦਾ ਰਹਿੰਦਾ ਹੈ। ਇਸ ਲਈ ਪਾਣੀ ਬਹੁਤ ਸਾਫ਼ ਅਤੇ ਸ਼ੁੱਧ ਹੈ।"

ਇਹ ਕਹਿ ਕੇ ਰੰਦਾਚਰਨ ਸਾਹ ਲੈਣ ਲਈ ਕੁਝ ਦੇਰ ਰੁਕ ਗਿਆ।

ਮੈਂ ਕਿਹਾ:-"ਤੈਨੂੰ ਇੱਕ ਗੱਲ ਪੁੱਛਾਂ, ਤੇਰੀ ਬੋਲੀ ਬਹੁਤ ਸੋਹਣੀ ਹੈ, ਪਿੰਡ ਦੇ ਲੋਕਾਂ ਵਰਗੀ ਤਾਂ ਬਿਲਕੁਲ ਨਹੀਂ, ਤੂੰ ਕਿੰਨੀ ਪੜ੍ਹਾਈ ਕੀਤੀ ਐ?"

ਆਪਣੇ ਆਮ ਤਰੀਕੇ ਨਾਲ, ਉਸਨੇ ਨਿਮਰਤਾ ਨਾਲ ਆਪਣਾ ਸਿਰ ਝੁਕਾ ਕੇ ਕਿਹਾ: 'ਅਸਲ ਵਿੱਚ, ਮੈਂ ਬਹੁਤਾ ਪੜ੍ਹਿਆ ਨਹੀਂ ਹੈ। ਕਟਵਾ ਸਕੂਲ ਵਿੱਚ ਬੋਰਡਿੰਗ ਵਿੱਚ ਰਹਿੰਦਿਆਂ ਮੈਟ੍ਰਿਕ ਦੂਜੀ ਡਵੀਜ਼ਨ ਵਿੱਚ ਪਾਸ ਕੀਤੀ। ਮੈਂ ਇੱਕ ਵਿਦਿਆਰਥੀ ਵਜੋਂ ਬਹੁਤ ਬੁਰਾ ਨਹੀਂ ਸੀ। ਅਤੇ ਕਹਾਣੀਆਂ ਅਤੇ ਨਾਵਲ ਪੜ੍ਹਨ ਦਾ ਆਦੀ ਸੀ। ਮੈਂ ਆਮ ਲੇਖਕਾਂ ਤੋਂ ਲੈ ਕੇ ਬੰਕਿਮਚੰਦਰ, ਸ਼ਰਤ ਬਾਬੂ, ਰਬਿੰਦਰਨਾਥ ਤੱਕ ਸਭ ਕੁਝ ਪੜ੍ਹਿਆ। ਸਾਡੇ ਪਿੰਡ ਵਿੱਚ ਕੋਈ ਲਾਇਬ੍ਰੇਰੀ ਨਹੀਂ ਸੀ। ਸਕੂਲ ਵਿੱਚ ਪੜ੍ਹਦਿਆਂ ਸ਼ਹਿਰ ਦੀ ਲਾਇਬ੍ਰੇਰੀ ਵਿੱਚੋਂ ਕਿਤਾਬਾਂ ਲੈ ਕੇ ਪੜ੍ਹਦਾ ਸੀ। ਹੁਣ ਵੀ ਮੈਂ ਕੋਲਕਾਤਾ ਤੋਂ VPP ਰਾਹੀਂ ਕਿਤਾਬਾਂ ਮੰਗਵਾਉਂਦਾ ਹਾਂ ਅਤੇ ਉਨ੍ਹਾਂ ਨੂੰ ਪੜ੍ਹਦਾ ਹਾਂ, ਇਹ ਮੇਰਾ ਇਕੱਲਾ ਨਸ਼ਾ ਹੈ, ਹੋਰ ਕੋਈ ਨਸ਼ਾ ਨਹੀਂ ਹੈ।

ਮੈਂ ਦੇਖਿਆ ਕਿ ਰੰਦਾਚਰਨ ਦੀ ਕਹਾਣੀ ਇੱਕ ਵੱਖਰੀ ਦਿਸ਼ਾ ਵੱਲ ਜਾ ਰਹੀ ਸੀ।

ਮੈਂ ਕਿਹਾ - "ਸਮਝਿਆ - ਹੁਣ ਮੈਨੂੰ ਦੱਸੋ ਕਿ ਤੁਹਾਡੇ ਇੱਥੇ ਆਉਣ ਦਾ ਮੁੱਖ ਕਾਰਨ ਕੀ ਹੈ? ਦੱਸਣ ਵਿੱਚ ਕੋਈ ਕਸਰ ਨਾ ਛੱਡੋ। ਭਾਵੇਂ ਕਿੰਨੀ ਵੀ ਮਾਮੂਲੀ ਕਿਉਂ ਨਾ ਲੱਗੇ, ਕੋਈ ਵੀ ਘਟਨਾ ਨਾ ਛੱਡੋ - ਸ਼ੁਰੂ ਕਰੋ -

ਰੰਦਾਚਰਨ ਨੇ ਉਲਝਣ ਵਿਚ ਆਲੇ-ਦੁਆਲੇ ਦੇਖਿਆ ਅਤੇ ਦੱਸਣ ਲੱਗਾ।

ਉਸ ਨੇ ਕਿਹਾ: "ਮੈਨੂੰ ਨਹੀਂ ਪਤਾ ਕਿ ਕਿੱਥੋਂ ਸ਼ੁਰੂ ਕਰਨਾ ਹੈ, ਕੋਈ ਵੀ ਮੇਰੇ 'ਤੇ ਵਿਸ਼ਵਾਸ ਨਹੀਂ ਕਰੇਗਾ। ਪਰ ਕਿਉਂਕਿ ਤੁਸੀਂ ਮੇਰੀ ਇੱਕੋ ਇੱਕ ਉਮੀਦ ਹੋ, ਮੈਂ ਸਭ ਕੁਝ ਖੋਲ੍ਹ ਕੇ ਦੱਸ ਰਿਹਾ ਹਾਂ। ਤੁਹਾਡੇ ਕੋਲ ਆਉਣ ਦਾ ਕਾਰਨ ਅੱਜ ਨਵੇਂ ਘਰ ਵਿੱਚ ਡੇਢ ਵਜੇ ਤੋਂ ਨਵਾਂ ਕੰਮ ਸ਼ੁਰੂ ਹੋ ਗਿਆ ਹੈ। ਮਹੀਨਾ ਪਹਿਲਾਂ ਅਸੀਂ ਇੱਕ ਕਿਸਾਨ ਦੇ ਘਰ ਰਹਿੰਦੇ ਹਾਂ।

ਇੱਕ ਦਿਨ ਸਵੇਰੇ ਸ਼ਹਿਰ ਤੋਂ ਇੱਕ ਥੋਕ ਵਪਾਰੀ ਸਾਡੀ ਜ਼ਮੀਨ 'ਤੇ ਉਗਾਈ ਗਈ ਸਾਰੀ ਫ਼ਸਲ ਖਰੀਦਣ ਆਇਆ, ਆਦਮੀ ਚੰਗਾ ਹੈ ਅਤੇ ਸਾਡਾ ਪਿਛਲੇ ਕਈ ਸਾਲਾਂ ਤੋਂ ਉਸ ਨਾਲ ਕਾਰੋਬਾਰ ਹੈ। ਚੰਗਾ ਮੁੱਲ ਦਿੰਦਾ ਹੈ।

ਮੈਂ ਕਿਹਾ:-"ਤੇਰੀ ਧਰਤੀ ਤੇ ਕੀ ਹੁੰਦਾ ਹੈ?"

ਰੰਦਾਚਰਨ ਨੇ ਕਿਹਾ- ਕੁਝ ਝੋਨਾ ਅਤੇ ਜੂਟ ਇਸ ਦੇ ਨਾਲ ਦਾਲ, ਮਾਂਹ, ਟਮਾਟਰ, ਲਗਦੇ ਹਨ। ਸਾਡਾ ਅੰਬ ਤੇ ਕਟਹਲ ਦਾ ਬਾਗ ਵੀ ਗਰਮੀਆਂ ਦੇ ਮਹੀਨਿਆਂ ਦੌਰਾਨ ਭਰਿਆ ਰਹਿੰਦਾ ਹੈ , ਤੇ ਇਹ ਸਭ ਇਕੱਠਾ ਕਰਦਾ ਹੈ। ਉਹ ਜਦ ਵੀ ਆਵੇ , ਸ਼ਹਿਰੋਂ ਆਉਂਦਿਆਂ ਕੁਝ ਅਖ਼ਬਾਰ ਤੇ ਬੰਗਾਲੀ ਕਹਾਣੀਆਂ ਲੈ ਕੇ ਆਓਂਦਾ ਹੈ । ਉਸ ਆਦਮੀ ਦੇ ਜਾਣ ਤੋਂ ਬਾਅਦ, ਮੈਂ ਇੱਕ ਅਖਬਾਰ ਪੜ੍ਹ ਰਿਹਾ ਸੀ ਜਦੋਂ ਮੈਂ ਆਪਣੀ ਮਾਂ ਅਤੇ ਪਤਨੀ ਨੂੰ ਰਸੋਈ ਦੇ ਦਰਵਾਜ਼ੇ ਕੋਲ ਖੜ੍ਹੀਆਂ ਅਤੇ ਕੁਝ ਚਰਚਾ ਕਰਦੇ ਸੁਣਿਆ। ਪਹਿਲਾਂ ਤਾਂ ਮੈਂ ਧਿਆਨ ਨਹੀਂ ਦਿੱਤਾ, ਫਿਰ ਮੈਂ ਆਪਣੀ ਮਾਂ ਦੀ ਆਵਾਜ਼ ਵਿੱਚ ਹੈਰਾਨੀ ਦਾ ਸੰਕੇਤ ਮਹਿਸੂਸ ਕੀਤਾ। ਮੈਂ ਅਖਬਾਰ ਛੱਡ ਕੇ ਰਸੋਈ ਦੇ ਦਰਵਾਜ਼ੇ ਵੱਲ ਗਿਆ, ਮੈਨੂੰ ਦੇਖ ਕੇ ਦੋਵੇਂ ਚੁੱਪ ਹੋ ਗਏ।

ਮੈਂ ਕਿਹਾ :- ਕੀ ਹੋਇਆ ਮਾਂ ? ਤੁਸੀਂ ਕੀ ਕਹਿ ਰਹੇ ਹੋ?

ਮਾਂ ਨੇ ਕਿਹਾ:-"ਦੇਖ ਲਓ ਕੀ ਹੋਇਆ! ਚੌਲ ਚੜ੍ਹਾਉਣ ਤੋਂ ਬਾਅਦ ਨੂੰਹ ਵਿਹੜੇ 'ਚ ਝਾੜੂ ਮਾਰਨ ਗਈ। ਬਾਅਦ 'ਚ ਉਹ ਵਾਪਿਸ ਆ ਕੇ ਸਬਜ਼ੀ ਕੱਟਣ ਲੱਗੀ। ਅਚਾਨਕ ਉਸ ਨੂੰ ਯਾਦ ਆਇਆ ਕਿ ਚੌਲ ਚੜ੍ਹਾਉਣ 'ਚ ਬਹੁਤ ਦੇਰ ਹੋ ਗਈ ਸੀ। ਚਾਵਲ ਕੀਤੇ ਗਲ਼ ਤਾਂ ਨਹੀਂ ਗਏ, ਜਾ ਕੇ ਦੇਖਿਆ ਕਿ ਚੌਲ ਉਸ ਤਰਾਂ ਹੀ ਪਏ ਸੀ , ਪਰ ਜਦੋਂ ਮੈਂ ਇਸਨੂੰ ਕਦਛੀ ਨਾਲ ਹਿਲਾ ਕੇ ਮੈਂ ਦੇਖਿਆ ਤਾਂ ਚੌਲ ਉਸੇ ਤਰਾਂ ਕੱਚੇ ਦੇ ਕੱਚੇ .

ਥੋੜੀ ਦੇਰ ਬਾਅਦ ਮੈਂ ਕਿਹਾ :- ਥੋੜਾ ਸਮਾਂ ਰੁਕ ਜਾ , ਚੌਲ ਬਣ ਗਏ ਜਾਣਗੇ। ਕਈ ਵਾਰ ਪਾਣੀ ਕਾਰਨ ਅਜਿਹਾ ਹੁੰਦਾ ਹੈ।

ਖਾਣਾ ਬਣਾਉਣ ਅਤੇ ਪੀਣ ਲਈ ਪਾਣੀ ਚੌਧਰੀ ਪਰਿਵਾਰ ਦੇ ਟਿਊਬਵੈੱਲ ਤੋਂ ਆਉਂਦਾ ਹੈ। ਰਾਮਚੰਦਰ ਜੀ ਦੇ ਘਰ ਤੋਂ ਕੁਝ ਪਾਣੀ ਆਉਂਦਾ ਹੈ। ਉਹ ਪਾਣੀ ਬਹੁਤ ਵਧੀਆ, ਪੀਣ ਵਿੱਚ ਮਿੱਠਾ ਹੁੰਦਾ ਹੈ ਅਤੇ ਹਰ ਚੀਜ਼ ਬਹੁਤ ਜਲਦੀ ਪੱਕ ਜਾਂਦੀ ਹੈ। ਉਹੀ ਪਾਣੀ ਅੱਜ ਵੀ ਆਇਆ। ਮੇਰੀ ਗੱਲ ਮੰਨ ਕੇ, ਉਸਨੇ ਹੋਰ 15 ਤੋਂ 20 ਮਿੰਟ ਉਡੀਕ ਕੀਤੀ। ਪਰ ਉਹ ਚੌਲ ਹੋਰ ਨਹੀਂ ਪੱਕੇ , ਅੱਧੇ ਘੰਟੇ ਬਾਅਦ ਵੀ ਤੌੜੀ ਵਿੱਚੋਂ ਸਿਰਫ਼ ਚੌਲ ਹੀ ਨਿਕਲੇ। ਕੁਝ ਸਮਝ ਨਾ ਆਉਣ ਕਰਕੇ ਪਾਣੀ ਅਤੇ ਚੌਲ ਫੇਰ ਚੜ੍ਹਾਏ ਗਏ। ਪਰ ਇਸ ਵਾਰ ਚੌਲ ਚੰਗੀ ਤਰ੍ਹਾਂ ਪੱਕ ਗਏ ।

ਜਦੋਂ ਰੰਦਾਚਰਨ ਰੁਕਿਆ ਤਾਂ ਮੈਂ ਉਸ ਨੂੰ ਪੁੱਛਿਆ: - "ਅਤੇ ਮੈਨੂੰ ਦੱਸੋ ਕਿ ਤੁਹਾਨੂੰ ਕੀ ਸਮੱਸਿਆ ਹੈ ? ਕੀ ਤੁਹਾਨੂੰ ਕਦੇ ਡਰ ਮਹਿਸੂਸ ਹੋਇਆ?"

-"ਅਜਿਹਾ ਨਹੀਂ ਹੈ ਕਿ ਮੈਂ ਅਜਿਹਾ ਕੁਝ ਦੇਖਿਆ ਜਾਂ ਮਹਿਸੂਸ ਕੀਤਾ ਹੈ ਪਰ ਪਿਛਲੇ ਕੁਝ ਦਿਨਾਂ ਤੋਂ ਮੇਰਾ ਦਿਲ ਬਹੁਤ ਘਬਰਾ ਰਿਹਾ ਹੈ, ਇੰਝ ਲੱਗਦਾ ਹੈ ਜਿਵੇਂ ਸਾਡੇ ਪਰਿਵਾਰ ਨਾਲ ਕੋਈ ਅਣਸੁਖਾਵੀਂ ਘਟਨਾ ਵਾਪਰਨ ਵਾਲੀ ਹੋਵੇ, ਮੈਂ ਰਾਤ ਨੂੰ ਚੰਗੀ ਤਰ੍ਹਾਂ ਸੌਂ ਨਹੀਂ ਸਕਦਾ । ਮੈਂ ਦਿਨ ਵੇਲੇ ਨਹੀਂ ਸੌਂਦਾ । ਮੈਨੂੰ ਅਕਸਰ ਰਾਤ ਨੂੰ ਇੱਕ ਸੁਪਨਾ ਆਉਂਦਾ ਹੈ। ਅਤੇ ਕੀ ਮੈਨੂੰ ਵਾਰ-ਵਾਰ ਉਹੀ ਸੁਪਨਾ ਆ ਸਕਦਾ ਹੈ?"

ਮੈਂ ਕਿਹਾ :- "ਦੱਸ, ਕਿਸ ਦਾ ਸੁਪਨਾ ਦੇਖ ਰਿਹਾ ਹੈਂ, ਮੈਨੂੰ ਸਾਫ਼-ਸਾਫ਼ ਦੱਸ।"

"ਸੁਪਨਾ ਬਹੁਤ ਡਰਾਉਣਾ ਨਹੀਂ ਹੈ, ਪਰ ਮੈਂ ਸੁਪਨੇ ਵਿੱਚ ਡਰ ਜਾਂਦਾ ਹਾਂ। ਮੇਰਾ ਦਮ ਘੁੱਟਦਾ ਹੈ। ਮੈਂ ਸਾਹ ਨਹੀਂ ਲੈ ਸਕਦਾ। ਮੈਂ ਜਾਗ ਜਾਂਦਾ ਹਾਂ ਅਤੇ ਲੰਬੇ ਸਮੇਂ ਤੱਕ ਪਰਮਾਤਮਾ ਦਾ ਨਾਮ ਜਪਦਾ ਹਾਂ।"

--ਕੀ ਦੇਖਦਾ ਸੁਪਨੇ ਵਿੱਚ ?

“ਮੈਂ ਸੁਪਨਾ ਦੇਖਦਾਂ ਕਿ ਮੈਂ ਇੱਕ ਅਜੀਬ ਥਾਂ ਤੇ ਗਿਆ ਹਾਂ। ਉਹ ਸਥਾਨ ਅੱਧਾ ਬਣਿਆ ਹੋਇਆ ਸ਼ਹਿਰ ਸੀ , ਉਸ ਸ਼ਹਿਰ ਵਿੱਚ ਕੋਈ ਵੀ ਘਰ ਪੂਰੀ ਤਰ੍ਹਾਂ ਨਹੀਂ ਬਣਿਆ ਸੀ। ਹਰ ਘਰ ਥੋੜ੍ਹਾ ਉੱਚਾ ਹੈ ਅਤੇ ਛੱਤ ਦੇ ਸਿਰੇ 'ਤੇ ਰੁਕਿਆ ਹੋਇਆ ਹੈ। ਜਿੱਥੋਂ ਤੱਕ ਮੈਂ ਦੇਖਦਾ ਸੀ, ਘਰਾਂ ਦੀਆਂ ਕੰਧਾਂ ਵਿੱਚ ਤਰੇੜਾਂ ਤੋਂ ਸਿਰਫ਼ ਬੋਹੜ, ਪਿੱਪਲ ਅਤੇ ਧਤੂਰੇ ਦੇ ਪੌਦੇ ਹੀ ਉੱਗੇ ਸਨ। ਇੱਥੇ ਕੋਈ ਰਸਤਾ ਨਹੀਂ ਹੈ, ਕੋਈ ਰਸਤਾ ਨਹੀਂ ਹੈ, ਸਿਰਫ ਅੱਧੇ ਬਣੇ ਘਰ ਹਨ। ਸਮਾਂ ਨਾ ਦਿਨ ਹੈ, ਨਾ ਰਾਤ ਹੈ, ਨਾ ਚੰਦ ਹੈ, ਨਾ ਅਸਮਾਨ ਵਿਚ ਸੂਰਜ ਹੈ, ਵਾਯੂਮੰਡਲ ਵਿਚ ਇਕ ਅਜੀਬ ਪਰਭਾਵ ਹੈ। ਮੈਂ ਘਰ ਵਾਪਸ ਆਉਣਾ ਚਾਹੁੰਦਾ ਹਾਂ, ਪਰ ਉਸ ਭੂਤ ਸ਼ਹਿਰ ਤੋਂ ਬਾਹਰ ਨਿਕਲਣ ਦਾ ਰਸਤਾ ਨਹੀਂ ਲੱਭ ਸਕਦਾ। "ਮੈਂ ਇੱਕ ਅਜੀਬ ਭੁਲੇਖੇ ਵਿੱਚ ਭਟਕ ਰਿਹਾ ਹਾਂ ਅਤੇ ਦੂਰੋਂ ਕੋਈ ਮੇਰਾ ਨਾਮ ਉੱਚੀ ਆਵਾਜ਼ ਵਿੱਚ ਪੁਕਾਰ ਰਿਹਾ ਹੈ."

ਇਹ ਕਹਿ ਕੇ ਰੰਦਾਚਰਨ ਇਥੇ ਹੀ ਰੁਕ ਗਿਆ। ਜਿਵੇਂ ਬੱਦਲ ਹੋਰ ਮੀਂਹ ਦਾ ਸੰਕੇਤ ਦਿੰਦੇ ਹਨ, ਉਸ ਦੇ ਚਿਹਰੇ ਨੂੰ ਦੇਖ ਕੇ ਇੰਜ ਜਾਪਦਾ ਸੀ ਜਿਵੇਂ ਉਹ ਕੁਝ ਹੋਰ ਕਹਿਣਾ ਚਾਹੁੰਦਾ ਹੋਵੇ।

ਮੈਂ ਕਿਹਾ: "ਉਸ ਤੋਂ ਬਾਅਦ ਕੀ ਹੋਇਆ?"

ਆਪਣੀ ਧੋਤੀ ਦੇ ਸਿਰੇ ਨਾਲ ਆਪਣਾ ਚਿਹਰਾ ਪੂੰਝਣ ਤੋਂ ਬਾਅਦ, ਉਸਨੇ ਕਿਹਾ - ਮੈਂ ਵੱਖਰੇ ਤੌਰ 'ਤੇ ਹੋਰ ਕੀ ਕਹਿ ਸਕਦਾ ਹਾਂ? ਇਸ ਤੋਂ ਬਾਅਦ ਇੱਕ ਦਿਨ ਛੱਡ ਕੇ ਫਿਰ ਖਾਣਾ ਬਣਾਉਣ ਵਿੱਚ ਮੁਸ਼ਕਲਾਂ ਆਈਆਂ। ਕਈ ਵਾਰ ਚੌਲ ਪੱਕ ਜਾਂਦੇ ਹਨ ਅਤੇ ਕਈ ਵਾਰ ਨਹੀਂ ਪੱਕਦੇ। ਇੱਕ ਦਿਨ ਸਬਜ਼ੀਆਂ ਵੱਢਦੇ ਸਮੇਂ ਸਾਗ ਵਿੱਚੋਂ ਵੱਡੇ-ਵੱਡੇ ਕੈਟਰਪਿਲਰ ਕੀੜੇ ਨਿਕਲ ਆਏ। ਇਕ ਸ਼ਾਮ ਮਾਂ ਨੇ ਘਰ ਵਿੱਚ ਬਣੇ ਮੰਦਰ ਵਿਚੋਂ ਡਰ ਕੇ ਚੀਕ ਮਾਰੀ। ਮੈਂ ਅਤੇ ਮੇਰੀ ਪਤਨੀ ਦੋਵੇਂ ਜਲਦੀ ਭੱਜ ਕੇ ਗਏ। ਮੈਂ ਜਾ ਕੇ ਦੇਖਿਆ ਕਿ ਮਾਂ ਹੱਥ ਵਿੱਚ ਮਾਚਿਸ ਦੀ ਤੀਲੀ ਲੈ ਕੇ ਘਬਰਾਹਟ ਵਿੱਚ ਬੈਠੀ ਸੀ। ਮੈਂ ਕਿਹਾ ਕੀ ਹੋਇਆ ਮਾਂ? ਤੂੰ ਕਿਉਂ ਚੀਕ ਮਾਰੀ ?

--ਬੇਟਾ, ਤੀਲੀ ਨਹੀਂ ਜਲ ਰਹੀ , ਮੈਂ ਇਸ ਦੀਵੇ ਨੂੰ ਵਾਹਿਗੁਰੂ ਦੇ ਅੱਗੇ ਰੋਸ਼ਨ ਕਰਨ ਲੈ ਬਹੁਤ ਕੋਸ਼ਿਸ਼ ਕੀਤੀ ।

"ਦੇਖੋ... ਮੈਨੂੰ ਦੇ ਦਿਓ..." ਕਹਿ ਕੇ ਮਾਚਿਸ ਦੀ ਡੱਬੀ ਆਪਣੇ ਹੱਥ ਵਿਚ ਲੈ ਕੇ ਰੱਖ ਦਿੱਤੀ। ਮੈਂ ਮਾਂ ਦਾ ਹੱਥ ਫੜ ਕੇ ਉਥੋਂ ਬਾਹਰ ਲੈ ਆਇਆ ।

ਮੈਂ ਕਿਹਾ - ਇਹ ਡੱਬੀ ਠੀਕ ਨਹੀਂ ਹੈ। ਤੁਸੀਂ ਘਰ ਬੈਠੋ, ਮੈਂ ਗਲੀ ਵਿੱਚ ਰਾਮਚੰਦਰ ਜੀ ਦੀ ਦੁਕਾਨ ਤੋਂ ਮਾਚਿਸ ਦਾ ਡੱਬੀ ਖਰੀਦ ਕੇ ਲਿਆਓਂਦਾ ।

ਰਾਮਚੰਦਰ ਜੀ ਦੀ ਦੁਕਾਨ ਤੋਂ ਮਾਚਿਸ ਦਾ ਪੈਕੇਟ ਲਿਆਇਆ। ਮੈਂ ਇਸਨੂੰ ਆਪਣੀ ਮਾਂ ਨੂੰ ਸੌਂਪਦਿਆਂ ਕਿਹਾ: " ਇਹ ਮਾਚਸ ਜਗਾਓ । ।"

ਆਪਣੀ ਮਾਂ ਨੂੰ ਫਿਰ ਭਗਵਾਨ ਦੇ ਮੰਦਰ ਵਿੱਚ ਬਿਠਾਇਆ। ਉਸਨੇ ਫਿਰ ਦੀਵਾ ਜਗਾਇਆ ।

ਉਸ ਦਿਨ ਰਾਤ ਦਾ ਖਾਣਾ ਖਾਣ ਤੋਂ ਬਾਅਦ, ਮਤਲਬ ਥੋੜ੍ਹਾ ਜਿਹਾ ਦੁੱਧ-ਰੋਟੀ ਖਾ ਕੇ ਮਾਤਾ ਜੀ ਮੰਜੇ ਤੇ ਮੱਛਰਦਾਨੀ ਦੇ ਅੰਦਰ ਬੈਠ ਗਏ ਅਤੇ ਕੁਝ ਦੇਰ ਤੱਕ ਮਾਲਾ ਦਾ ਜਾਪ ਕੀਤਾ। ਸੁੱਤੇ ਨਹੀਂ ।

ਮੈਂ ਕਿਹਾ: "ਕੀ ਗੱਲ ਹੈ, ਮਾਂ? ਸੁੱਤੇ ਨਹੀਂ ? ਤੁਸੀਂ ਕੁਝ ਕਹਿਣਾ ਚਾਹੁੰਦੇ ਹੋ? ਕੀ ਤੁਸੀਂ ਠੀਕ ਮਹਿਸੂਸ ਕਰ ਰਹੇ ਹੋ?"

“ਨਹੀਂ ਬਾਬੂ, ਮੈਂ ਤੁਹਾਨੂੰ ਕੁਝ ਦੱਸਣ ਲਈ ਬੈਠੀ ਹਾਂ ।

-ਕੀ ਗੱਲ ਹੈ, ਮਾਂ?

ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਮਾਂ ਨੇ ਕਿਹਾ:-

“ਘਰ ਵਿੱਚ ਇਹ ਸਭ ਕੀ ਹੋ ਰਿਹਾ ਹੈ? -ਕੀ ਅਪਸ਼ਗਨ ਹੋ ਰਹੇ ਹਨ ? ਕੀ ਤੁਸੀਂ ਸੁਣਿਆ ਹੈ ਕਿ ਕਾਲਾ ਕਾਂ ਕਦੇ-ਕਦੇ ਰਾਤ ਨੂੰ ਕਾਂ ਕਾਂ ਕਰਦਾ ਹੈ?

ਰੰਦਾਚਰਨ ਦੀ ਗੱਲ ਨੂੰ ਰੋਕਦਿਆਂ ਮੈਂ ਕਿਹਾ, “ਤੁਸੀਂ ਕਦੇ ਕਾਂ ਦੀ ਆਵਾਜ਼ ਸੁਣੀ ਹੈ?

ਉਸ ਨੇ ਕਿਹਾ: “ਹਾਂ... ਅਚਾਰੀਆ ਜੀ... ਦਰਅਸਲ, ਮੈਂ ਇੰਨਾ ਧਿਆਨ ਨਹੀਂ ਦਿੱਤਾ ਸੀ , ਤੁਸੀਂ ਜਾਣਦੇ ਹੋ ਕਿ ਬਹੁਤ ਸਾਰੀਆਂ ਗੱਲਾਂ ਕੰਨਾਂ ਰਾਹੀਂ ਸੁਣੀਆਂ ਜਾਂਦੀਆਂ ਹਨ ਜਾਂ ਅੱਖਾਂ ਦੇ ਸਾਹਮਣੇ ਹੁੰਦੀਆਂ ਹਨ, ਪਰ ਜਦੋਂ ਮਨ ਦੂਜੇ ਪਾਸੇ ਹੁੰਦਾ ਹੈ, ਫਿਰ ਧਿਆਨ ਘੱਟ ਹੋ ਜਾਂਦਾ ਹੈ।" ਮੈਂ ਸੋਚ ਰਿਹਾ ਸੀ ਕਿ ਉਸ ਸਮੇਂ ਮਾਂ ਵਲੋਂ ਦੀਵਾ ਕਿਉਂ ਨਹੀਂ ਜਗਾਇਆ ਗਿਆ, ਇਸ ਲਈ ਮੈਂ ਭਾਰੀ ਮਨ ਨਾਲ ਸੌਂ ਗਿਆ। ਅਚਾਨਕ ਮੇਰੀ ਨੀਂਦ ਬੱਦਲਾਂ ਦੀ ਆਵਾਜ਼ ਅਤੇ ਤੂਫਾਨ ਦੀ ਆਵਾਜ਼ ਨਾਲ ਖੁੱਲ ਗਈ ਸੀ। ਮੈਂ ਬਾਹਰ ਆ ਗਿਆ। ਅਜੇ ਤੱਕ ਮੀਂਹ ਸ਼ੁਰੂ ਨਹੀਂ ਹੋਇਆ ਸੀ, ਅੰਬ ਅਤੇ ਨਿੰਮ ਦੇ ਦਰੱਖਤ ਕਾਲੇ ਬੱਦਲਾਂ ਨਾਲ ਢਕੇ ਹੋਏ ਦਿਸ ਰਹੇ ਸਨ , ਮੀਂਹ ਦੀਆਂ ਛੋਟੀਆਂ ਅਤੇ ਫਿਰ ਵੱਡੀਆਂ ਬੂੰਦਾਂ ਖਿੜਕੀ ਤੋਂ ਡਿੱਗਣ ਲੱਗੀਆਂ ਅਤੇ ਮੈਂ ਖਿੜਕੀ ਨੂੰ ਚੰਗੀ ਤਰ੍ਹਾਂ ਬੰਦ ਕਰ ਦਿੱਤਾ।

ਵਾਪਸ ਆ ਕੇ ਮੱਛਰਦਾਨੀ ਨੂੰ ਠੀਕ ਕਰਦਿਆਂ ਮੈਂ ਸੋਚਿਆ ਕਿ ਅੱਜ ਸਾਰਾ ਦਿਨ ਅਸਮਾਨ ਸਾਫ਼ ਰਿਹਾ। ਅਜਿਹਾ ਨਹੀਂ ਲੱਗਦਾ ਸੀ ਕਿ ਸ਼ਾਮ ਜਾਂ ਰਾਤ ਨੂੰ ਮੀਂਹ ਪਵੇਗਾ, ਮੈਂ ਮੌਸਮ ਦਾ ਪੈਟਰਨ ਪੂਰੀ ਤਰ੍ਹਾਂ ਬਦਲਦਾ ਦੇਖ ਰਿਹਾ ਸੀ। ਇਨ੍ਹਾਂ ਸਾਰੀਆਂ ਗੱਲਾਂ ਬਾਰੇ ਸੋਚਦਿਆਂ ਜਦੋਂ ਮੈਂ ਲਗਭਗ ਸੌਂ ਹੀ ਗਿਆ ਸੀ ਤਾਂ ਤੂਫ਼ਾਨੀ ਹਵਾਵਾਂ ਦੇ ਬਾਵਜੂਦ ਮੈਨੂੰ ਵਿਹੜੇ ਵਿਚਲੇ ਨਿੰਮ ਦੇ ਦਰੱਖਤ ਦੀ ਟਾਹਣੀ ਤੋਂ ਕਾਂ ਦੀ ਆਵਾਜ਼ ਸਾਫ਼ ਸੁਣਾਈ ਦਿੱਤੀ। ਮੈਂ ਕੀ ਕਹਾਂ ਅਚਾਰੀਆ ਜੀ, ਮੇਰਾ ਸਾਰਾ ਸਰੀਰ ਕੰਬ ਗਿਆ। ਮੈਂ ਕਈ ਵਾਰ ਕਾਂ ਦੀ ਪੁਕਾਰ ਸੁਣੀ ਹੈ। ਨਿੰਮ ਦੇ ਦਰੱਖਤ ਦੀ ਟਾਹਣੀ 'ਤੇ ਬੈਠਾ ਅਤੇ ਇੰਨਾ ਚਮਕਦਾਰ। ਤੂਫਾਨ ਅਤੇ ਬਾਰਿਸ਼ ਦੇ ਬਾਵਜੂਦ, ਇਹ ਇੰਨੀ ਗੰਭੀਰ ਅਤੇ ਹੈਰਾਨੀਜਨਕ ਆਵਾਜ਼ ਵਿੱਚ ਬੁਲਾ ਰਿਹਾ ਹੈ ਕਿ ਜੇ ਕੋਈ ਇਸ ਨੂੰ ਸੁਣਦਾ ਹੈ, ਤਾਂ ਕੋਈ ਇਸ 'ਤੇ ਯਕੀਨ ਨਹੀਂ ਕਰ ਸਕਦਾ. ਮੈਂ ਸਵੇਰੇ ਉੱਠ ਕੇ ਦੇਖਿਆ ਕਿ ਬੱਦਲ ਗਾਇਬ ਹੋ ਗਏ ਸਨ ਅਤੇ ਸੂਰਜ ਚਾਰੇ ਪਾਸੇ ਚਮਕ ਰਿਹਾ ਸੀ। ਗੰਜ ਬਜ਼ਾਰ ਵਿਚ ਜ਼ਰੂਰੀ ਕੰਮ ਸੀ। ਮੈਂ ਇਸ਼ਨਾਨ ਕੀਤਾ, ਦਹੀਂ ਖਾਧਾ ਅਤੇ ਜਲਦੀ ਚਲਿਆ ਗਿਆ।

7

ਤਰਨਾ ਤਾਂਤਰਿਕ ਅਤੇ ਬ੍ਰਹਮਾ ਪਿਸ਼ਾਚ ਭਾਗ 7

ਜੋ ਮੈਂ ਪਹਿਲੀ ਵਾਰ ਬਾਹਰ ਸੜਕ 'ਤੇ ਦੇਖਿਆ - ਨਾ ਤਾਂ ਵਿਹੜਾ ਗਿੱਲਾ ਹੈ, ਨਾ ਜ਼ਮੀਨ ਗਿੱਲੀ ਹੈ, ਨਾ ਹੀ ਸੜਕ 'ਤੇ ਪਾਣੀ ਜਾਂ ਚਿੱਕੜ ਹੈ। ਰਾਤ ਭਰ ਦੇ ਤੂਫ਼ਾਨ ਵਿੱਚ ਇੱਕ ਜਾਂ ਦੋ ਰੁੱਖਾਂ ਦੇ ਤਣੇ ਜਾਂ ਪੱਤੇ ਵੀ ਨਹੀਂ ਡਿੱਗੇ ਜਦੋਂ ਕਿ ਸੜਕ ਦੇ ਦੋਵੇਂ ਪਾਸੇ ਬਹੁਤ ਸਾਰੇ ਦਰੱਖਤ ਹਨ। ਪਰ ਇਹ ਪੂਰੀ ਤਰ੍ਹਾਂ ਸੁੱਕਾ ਹੈ. ਅਜੀਬ ਸੀ !

ਗੰਜ ਪਹੁੰਚ ਕੇ ਰਾਮ ਪ੍ਰਸਾਦ ਨੰਦੀ ਦੀ ਦੁਕਾਨ 'ਤੇ ਜਾ ਕੇ ਨਮਸਤੇ ਕਹਿ ਕੇ ਬੈਠ ਗਏ।

ਜਦੋਂ ਮੈਂ ਉੱਠ ਰਿਹਾ ਸੀ ਤਾਂ ਰਾਮ ਪ੍ਰਸਾਦ ਨੇ ਕਿਹਾ - ਤੁਸੀਂ ਥੋੜ੍ਹਾ ਕਮਜ਼ੋਰ ਲੱਗ ਰਹੇ ਹੋ? ਕੀ ਤੁਸੀਂ ਠੀਕ ਹੋ ?

.....ਸਰੀਰ ਠੀਕ ਹੈ, ਅਸਲ ਵਿੱਚ ਮੈਂ ਅੱਧੀ ਰਾਤ ਨੂੰ ਤੂਫਾਨ ਕਰਕੇ ਜਾਗ ਗਿਆ ਅਤੇ ਲੰਬੇ ਸਮੇਂ ਤੱਕ ਸੁੱਤਾ ਨਹੀਂ , ਇਸ ਲਈ ਸ਼ਾਇਦ ਇਹ ਇਸ ਤਰ੍ਹਾਂ ਲੱਗਦਾ।

ਰਾਮ ਪ੍ਰਸਾਦ ਖਾਤਿਆਂ ਵਿਚ ਕੁਝ ਲਿਖਣ ਜਾ ਰਿਹਾ ਸੀ ਕਿ ਅਚਾਨਕ ਰੁਕ ਗਿਆ ਅਤੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਅਤੇ ਕਿਹਾ - "ਬੀਤੀ ਰਾਤ ਤੂਫਾਨ ਅਤੇ ਮੀਂਹ? ਨਹੀਂ ਤਾਂ ਭਾਈ, ਬੀਤੀ ਰਾਤ ਕੋਈ ਤੂਫਾਨ ਅਤੇ ਮੀਂਹ ਨਹੀਂ ਸੀ. ਮਾਲ ਕਿਸ਼ਤੀ ਰਾਹੀਂ ਆ ਰਿਹਾ ਸੀ ਅਤੇ ਮੈਂ ਉਨ੍ਹਾਂ ਬੋਰੀਆਂ ਨੂੰ ਗੋਦਾਮ ਵਿੱਚ ਲਿਜਾਣ ਲਈ ਲਗਭਗ ਸਾਰੀ ਰਾਤ ਜਾਗਦਾ ਰਿਹਾ ।

ਉਹ ਵੀ ਹੈਰਾਨੀ ਨਾਲ ਮੇਰੇ ਵੱਲ ਦੇਖ ਰਿਹਾ ਹੈ ਅਤੇ ਮੈਂ ਹੈਰਾਨੀ ਨਾਲ ਉਸ ਵੱਲ ਦੇਖ ਰਿਹਾ ਹਾਂ। ਮੈਂ ਕੁਝ ਸੰਜਮ ਨਾਲ ਕਿਹਾ: “ਮੈਂ ਸੁਪਨਾ ਦੇਖਿਆ ਦੇਖਿਆ ਹੋਵੇਗਾ। "ਮੈਨੂੰ ਇਸ ਸਮੇਂ ਬਹੁਤ ਅਜੀਬ ਸੁਪਨੇ ਆ ਰਹੇ ਹਨ।"

ਘਰ ਵਾਪਸ ਆਉਂਦੇ ਸਮੇਂ, ਮੈਂ ਸਮਝਦਾਰੀ ਨਾਲ ਉਨ੍ਹਾਂ ਸਾਰਿਆਂ ਨੂੰ ਪਿਛਲੀ ਰਾਤ ਦੇ ਤੂਫਾਨ ਬਾਰੇ ਪੁੱਛਿਆ ਜੋ ਵੀ ਮੈਨੂੰ ਰਸਤੇ ਵਿੱਚ ਮਿਲਿਆ ਸੀ,

ਨਹੀਂ, ਬੀਤੀ ਰਾਤ ਮੀਂਹ ਅਤੇ ਤੂਫ਼ਾਨ ਬਾਰੇ ਕਿਸੇ ਨੇ ਨਹੀਂ ਸੁਣਿਆ ਸੀ। ਹੁਣ ਬਹੁਤ ਸਾਰੇ ਲੋਕਾਂ ਨਾਲ ਗੱਲ ਕਰਨ ਤੋਂ ਡਰ ਲੱਗਦਾ ਹੈ, ਇਹ ਤਾਂ ਇੱਕ ਛੋਟਾ ਜਿਹਾ ਪਿੰਡ ਹੈ, ਜੇ ਮੈਂ ਬਹੁਤਾ ਪੁੱਛਾਂ ਤਾਂ ਸਾਰੇ ਪਿੰਡ ਵਿੱਚ ਇਹ ਗੱਲ ਫੈਲ ਜਾਵੇਗੀ ਕਿ ਰੰਦਾਚਰਨ ਪਾਗਲ ਹੋ ਗਿਆ ਹੈ।

ਉਸ ਤੋਂ ਬਾਅਦ ਕੁਝ ਦਿਨ ਕੁਝ ਨਹੀਂ ਹੋਇਆ ਅਤੇ ਸਭ ਕੁਝ ਪਹਿਲਾਂ ਵਾਂਗ ਆਮ ਵਾਂਗ ਹੋ ਗਿਆ। ਮੈਂ ਮਹਿਸੂਸ ਕੀਤਾ ਕਿ ਹੁਣ ਚਿੰਤਾ ਕਰਨ ਦਾ ਕੋਈ ਕਾਰਨ ਨਹੀਂ ਸੀ।

ਜ਼ਿੰਦਗੀ ਵਿਚ ਬਹੁਤ ਸਾਰੀਆਂ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜੋ ਸਿੱਧੇ ਤੌਰ 'ਤੇ ਨਹੀਂ ਦੱਸੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਬਾਰੇ ਚਿੰਤਾ ਕਰਨ ਦਾ ਕੋਈ ਕਾਰਨ ਨਹੀਂ ਹੁੰਦਾ---

--ਨਹੀਂ ਤਾਂ ਆਪਦੇ ਕੋਲ ਆਉਣ ਦੀ ਲੋੜ ਹੀ ਨਾ ਪੈਂਦੀ ਜੇ -----

ਮੈਂ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਦੇਖਿਆ ਤੇ ਕਿਹਾ, "ਦੱਸੋ, ਤੂੰ ਕਿਉਂ ਰੁਕਿਆ? ਅੱਗੇ ਕੀ ਹੋਇਆ?"

ਇੰਝ ਲੱਗ ਰਿਹਾ ਸੀ ਜਿਵੇਂ ਰੰਦਾਚਰਨ ਦੀਆਂ ਅੱਖਾਂ ਕਿਧਰੇ ਗੁਆਚ ਗਈਆਂ ਹੋਣ। ਮੇਰੇ ਵੱਲ ਦੇਖ ਕੇ ਉਹ ਬੋਲਿਆ, “ਫਿਰ ਮੇਰਾ ਸਮਾਂ ਬਹੁਤ ਖਰਾਬ ਹੋ ਗਿਆ।

ਰੰਦਾ ਚਰਨ ਦੇ ਪਿੱਛੇ ਧੁੰਦਲਾ ਹਨੇਰਾ ਮੈਂ ਦੇਖ ਰਿਹਾ ਸੀ, ਉਹ ਹੋਰ ਵੀ ਗਹਿਰਾ ਹੋ ਗਿਆ। ਇੰਝ ਲੱਗਦਾ ਹੈ ਕਿ ਖ਼ਤਰਾ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਜਿਸ ਭੈੜੀ ਸ਼ਕਤੀ ਨੇ ਇਸ ਵਿਅਕਤੀ 'ਤੇ ਕਬਜ਼ਾ ਕਰ ਲਿਆ ਹੈ, ਉਹ ਨਹੀਂ ਚਾਹੁੰਦੀ ਕਿ ਉਹ ਹੁਣ ਮੇਰੇ ਕੋਲ ਬੈਠੇ।

ਮੈਂ ਕਿਹਾ- ਸਮਾਂ ਬਰਬਾਦ ਕਰਨ ਦਾ ਕੀ ਫਾਇਦਾ, ਜਲਦੀ ਦੱਸੋ?

-ਹਾਂ, ਅਸਲ ਵਿੱਚ ਇਹ ਅਜੀਬ ਘਟਨਾ 7-8 ਦਿਨ ਪਹਿਲਾਂ ਵਾਪਰੀ ਸੀ। ਬੁੱਧਵਾਰ ਦੀ ਰਾਤ ਸੀ। ਖਾਣ-ਪੀਣ ਤੋਂ ਬਾਅਦ ਚੰਗੀ ਨੀਂਦ ਆਈ। ਅਗਲੇ ਦਿਨ ਮੈਨੂੰ ਉਠਣਾ ਪਿਆ ਅਤੇ ਮਾਲ ਦੀ ਸ਼ਿਪਮੈਂਟ ਦੇ ਕੰਮ ਲਈ ਇੱਕ ਛੋਟੇ ਉਪ-ਜ਼ਿਲ੍ਹਾ ਸ਼ਹਿਰ ਵਿੱਚ ਜਾਣਾ ਪਿਆ।

ਮੈਂ ਸਵੇਰੇ ਉੱਠ ਕੇ ਰਸੋਈ ਤੋਂ ਹੱਥ-ਮੂੰਹ ਧੋ ਕੇ ਘਰਵਾਲੀ ਨੂੰ ਕਿਹਾ ਕਿ ਦਹੀਂ-ਚੁੜਾ ਬਣਾ ਦੇ, ਮੈਂ ਸ਼ਹਿਰ ਜਾਣਾ , ਮੈਨੂੰ ਜਲਦੀ ਹੈ...

ਉਸ ਨੇ ਮੇਰੇ ਵੱਲ ਹੈਰਾਨੀ ਨਾਲ ਦੇਖਿਆ ਅਤੇ ਕਿਹਾ - "ਅੱਜ ਫੇਰ? ਦੱਸੋ ਕੀ ਗੱਲ ਹੈ? ਸ਼ਹਿਰ ਵਿੱਚ ਰੋਜ਼ ਰੋਜ਼ ਦਾ ਕੰਮ?"

-ਮੈਂ ਹਰ ਰੋਜ਼ ਉਪ-ਜ਼ਿਲ੍ਹਾ ਸ਼ਹਿਰ ਕਦੋਂ ਜਾਂਦਾ ਹਾਂ?

ਮੇਰੀ ਪਤਨੀ ਦੇ ਚਿਹਰੇ 'ਤੇ ਹੈਰਾਨੀ ਹੋਰ ਵੱਧ ਗਈ ਅਤੇ ਉਸਨੇ ਕਿਹਾ - "ਕੱਲ੍ਹ ਹੀ ਤੁਸੀਂ ਸਵੇਰੇ ਸਵੇਰੇ ਉੱਠ ਕੇ ਉਪ-ਜ਼ਿਲ੍ਹਾ ਸ਼ਹਿਰ ਚਲੇ ਗਏ ਸੀ ਅਤੇ ਕਿਹਾ ਕਿ ਤੁਹਾਨੂੰ ਕੋਈ ਜ਼ਰੂਰੀ ਕੰਮ ਸੀ। ਤੁਸੀਂ ਦਹੀਂ-ਚੁੜਾ ਖਾ ਕੇ ਹੀ ਚਲੇ ਗਏ ਸੀ, ਯਾਦ ਨਹੀਂ ? ਦੁਪਹਿਰ ਨੂੰ ਪਰਤੇ ਸੀ , ਲੰਬੇ ਚੌਲ ਤੁਸੀਂ ਪੀਹ ਕੇ ਲਿਆਏ ਸੀ, ਮੈਂ ਰਸੋਈ ਦੇ ਅੰਦਰ ਸਾਰਾ ਸਮਾਨ ਰੱਖਿਆ ਸੀ, ਤੁਹਾਨੂੰ ਕੀ ਹੋ ਗਿਆ ਹੈ?

ਮੇਰੀ ਪਤਨੀ ਦੀ ਪਿਛਲੇ ਦਿਨ ਦੀ ਗੱਲ ਸੁਣਨ ਤੋਂ ਬਾਅਦ, ਸਭ ਕੁਝ ਮੇਰੇ ਦਿਮਾਗ ਵਿਚ ਘੁੰਮ ਰਿਹਾ ਸੀ. ਪਰ ਮੈਂ ਆਪਣੇ ਆਪ ਨੂੰ ਕਾਬੂ ਕਰ ਲਿਆ। ਕਿਉਂਕਿ ਜੇ ਮੈਂ ਬਹੁਤ ਹੈਰਾਨ ਹੁੰਦਾ, ਤਾਂ ਮੇਰੀ ਪਤਨੀ ਡਰ ਜਾਂਦੀ।

ਮੈਂ ਕਿਹਾ---ਹਾਂ, ਅੱਜ ਕੱਲ੍ਹ ਕੰਮ ਕਰਕੇ ਕਿਸੇ ਗੱਲ ਵੱਲ ਧਿਆਨ ਨਹੀਂ ਦਿੰਦਾ। ਅੱਜ ਫਿਰ ਜਾਣਾ ਪਵੇਗਾ। ਕੰਮ ਬਾਕੀ ਹੈ।"

ਜਦੋਂ ਮੈਂ ਉਪ-ਜ਼ਿਲ੍ਹਾ ਕਸਬਾ ਪਹੁੰਚਿਆ ਤਾਂ ਮੇਨ ਰੋਡ 'ਤੇ ਦੁਕਾਨਾਂ ਤੋਂ ਹਰ ਕੋਈ ਆਵਾਜ਼ਾਂ ਮਾਰਨ ਲੱਗ ਪਿਆ - ਓਏ ਰੰਦਿਆ, ਅੱਜ ਫਿਰ ? ਜਾਪਦਾ ਹੈ ਕਿ ਤੇਜ਼ੀ ਨਾਲ ਕਾਰੋਬਾਰ ਚੱਲ ਰਿਹਾ ਹੈ। ਆ ਮੇਰੇ ਕੋਲ ਬੈਠ। ਆਓ ਥੋੜੀ ਗੱਲ ਕਰੀਏ.

ਇਨ੍ਹਾਂ ਵਿੱਚ ਸ਼੍ਰੀਕਾਂਤ ਪਾਲ ਦੀ ਉਮਰ 60 ਜਾਂ 65 ਸਾਲ ਹੋਵੇਗੀ। ਬਜ਼ੁਰਗ ਇਨਸਾਨ ਸੁਭਾਅ ਤੋਂ ਬਹੁਤ ਮਿੱਠਾ ਹੈ। ਮੈਂ ਜਾ ਕੇ ਉਸ ਦੇ ਕੋਲ ਬੈਠ ਗਿਆ।

ਉਸ ਨੇ ਕਿਹਾ:-ਤੁਸੀਂ ਗੁੱਸੇ ਤਾਂ ਨਹੀਂ ਹੋ? ਕਿਉਂਕਿ ਮੈਂ ਵਪਾਰ ਬਾਰੇ ਗੱਲ ਕੀਤੀ ਸੀ. ਤੁਸੀਂ ਛੋਟੇ ਕਾਰੋਬਾਰ ਵਾਲੇ ਹੋ, ਤੁਹਾਡੀ ਤਰੱਕੀ ਮੈਨੂੰ ਸੱਚਮੁੱਚ ਬਹੁਤ ਖੁਸ਼ ਕਰਦੀ ਹੈ। ”

ਫਿਰ 15 ਮਿੰਟ ਮੈਂ ਉਸ ਕੋਲ ਬੈਠ ਗਿਆ, ਇਸੇ ਦੌਰਾਨ ਮੈਨੂੰ ਸਬ ਡਵੀਜ਼ਨ ਦਫ਼ਤਰ ਵਿੱਚ ਕੱਲ੍ਹ ਦੀ ਗੱਲ ਦਾ ਪਤਾ ਲੱਗਾ।

ਸ਼੍ਰੀਕਾਂਤ ਦੇ ਉੱਠਣ ਤੋਂ ਬਾਅਦ, ਮੈਂ ਜਿਥੋਂ ਲੰਘਿਆ, ਉੱਥੇ ਮੌਜੂਦ ਸਾਰੇ ਲੋਕ ਕਹਿਣ ਲੱਗੇ।

"ਹਾਏ! ਚੰਦਿਆ ? ਅੱਜ ਫੇਰ?

ਮੈਂ ਕੀ ਕਹਾਂ, ਆਚਾਰੀਆ ਜੀ, ਮੈਂ ਬਹੁਤ ਘਬਰਾ ਗਿਆ ਸੀ । ਜੇ ਇਹ ਬਹੁਤ ਦਿਨ ਪਹਿਲਾਂ ਹੋਇਆ ਹੁੰਦਾ ਤਾਂ ਮੈਂ ਸਮਝ ਜਾਂਦਾ ਪਰ ਹਰ ਕੋਈ ਕਹਿ ਰਿਹਾ ਹੈ ਕਿ ਇਹ ਕੱਲ੍ਹ ਦੀ ਗੱਲ ਸੀ। ਭੁੱਲਣ ਦਾ ਬਹਾਨਾ ਬਣਾ ਕੇ ਮੈਂ ਇੱਕ ਆਦਮੀ ਨੂੰ ਪੁੱਛਿਆ, "ਅੱਜ ਕੀ ਦਿਨ ਹੈ?"

----ਉਸ ਨੇ ਕਿਹਾ :- ਅੱਜ ? ਅੱਜ ਵੀਰਵਾਰ ਹੈ"

ਉਥੋਂ ਹਟ ਕੇ ਮੈਂ ਥੋੜ੍ਹੀ ਜਿਹੀ ਥਾਂ 'ਤੇ ਬੋਹੜ ਦੇ ਦਰੱਖਤ ਦੇ ਥੱਲੇ ਕੁਝ ਦੇਰ ਬੈਠ ਗਿਆ। ਮੇਰੇ ਲੇਖਾ-ਜੋਖਾ ਵਿੱਚੋਂ ਪੂਰਾ ਦਿਨ ਗੁੰਮ ਹੋ ਗਿਆ ਹੈ। ਕੱਲ੍ਹ ਮੰਗਲਵਾਰ ਸੀ ਤਾਂ ਅੱਜ ਬੁੱਧਵਾਰ ਹੋਣਾ ਚਾਹੀਦਾ ਸੀ? ਹਾਏ ਮੇਰੇ ਰੱਬਾ! ਇਹ ਕੀ ਹੋ ਰਿਹਾ ਹੈ? ਮੈਂ ਬਹੁਤ ਡਰ ਗਿਆ। ਕੀ ਤੁਸੀਂ ਜਾਣਦੇ ਹੋ? ਉਸ ਤੋਂ ਬਾਅਦ ਅਚਾਨਕ ਮੈਨੂੰ ਚਹੁਟੀਪ ਪਿੰਡ ਦਾ ਆਪਣਾ ਇੱਕ ਬਚਪਨ ਦਾ ਦੋਸਤ ਯਾਦ ਆ ਗਿਆ। ਤੁਸੀਂ ਬਹੁਤ ਪਹਿਲਾਂ ਉਸ ਪਿੰਡ ਵਿੱਚ ਚਿੱਟੇ ਬਗਲੇ ਦੀ ਪੂਜਾ ਕਰਨ ਗਏ ਸੀ, ਮੇਰਾ ਦੋਸਤ ਉਸ ਸਮੇਂ ਜਵਾਨ ਸੀ, ਪਰ ਤੁਹਾਡੀਆਂ ਗੱਲਾਂ ਉਸਨੂੰ ਯਾਦ ਸਨ। ਉਸ ਤੋਂ ਤੁਹਾਡੇ ਵਾਰੇ ਪੁੱਛਣ ਤੋਂ ਬਾਅਦ ਮੈਂ ਤੁਹਾਡੇ ਕੋਲ ਆਇਆ, ਤੁਹਾਡਾ ਦੋਸਤ ਵਿਰਾਜ ਬਾਬੂ ਅਜੇ ਵੀ ਸੇਹਤਮੰਦ ਹੈ ਅਤੇ ਓਸੇ ਨੇ ਮੈਨੂੰ ਤੁਹਾਡਾ ਪਤਾ ਦਿੱਤਾ ਸੀ।

ਮੈਂ ਕਿਹਾ: "ਕੀ ਤੁਸੀਂ ਕੁਝ ਹੋਰ ਕਹਿਣਾ ਚਾਹੁੰਦੇ ਹੋ?"

---------ਮੈਂ ਉਹ ਸੁਪਨਾ ਫਿਰ ਦੇਖਿਆ ਹੈ ਅਚਾਰੀਆ ਜੀ, ਮੈਂ ਇੱਕ ਅੱਧੇ ਬਣੇ ਸ਼ਹਿਰ ਵਿੱਚ ਭਟਕ ਰਿਹਾ ਹਾਂ ਅਤੇ ਕੋਈ ਅਜੀਬ ਜਿਹੀ ਆਵਾਜ਼ ਮੇਰਾ ਨਾਮ ਲੈ ਰਹੀ ਹੈ। ਪਹਿਲਾਂ ਦੂਰੋਂ ਹੀ ਪੁਕਾਰਦਾ ਸੀ, ਹੁਣ ਹਰ ਸੁਪਨੇ ਵਿੱਚ ਬੁਲਾਉਣ ਵਾਲਾ ਨੇੜੇ ਆਉਂਦਾ ਜਾਪਦਾ ਹੈ। ਬਿਨਾਂ ਕਿਸੇ ਦੇਰੀ ਦੇ, ਮੈਂ ਤੁਹਾਡੇ ਕੋਲ ਆ ਗਿਆ। ਤੁਸੀਂ ਮੈਨੂੰ ਬਚਾਓ।"

ਥੋੜਾ ਸੋਚਣ ਤੋਂ ਬਾਅਦ ਮੈਂ ਕਿਹਾ:- "ਤੁਸੀਂ ਘਰ ਚਲੇ ਜਾਓ, ਮੈਂ ਤੁਹਾਨੂੰ ਮਾਲਾ ਦੇ ਰਿਹਾ ਹਾਂ। ਇਹ ਮਾਲਾ ਅਗਲੀ ਮੱਸਿਆ ਤੱਕ ਤੁਹਾਡੀ ਰੱਖਿਆ ਕਰੇਗੀ। ਮੈਂ ਕ੍ਰਿਸ਼ਨ ਚਤੁਰਦਸ਼ੀ ਦੀ ਦੁਪਹਿਰ ਤੱਕ ਤੁਹਾਡੇ ਘਰ ਪਹੁੰਚ ਜਾਵਾਂਗਾ। ਪਤਾ ਸਾਫ਼-ਸਾਫ਼ ਦੇ ਦਿਓ, ਉੱਥੇ ਪੂਜਾ ਕਰਨੀ ਪਵੇਗੀ । ਰਾਤ ਨੂੰ - ਮੈਂ ਯੱਗ ਕਰਾਂਗਾ, ਖ਼ਤਰਾ ਟਲ ਜਾਵੇਗਾ।"

8

ਤਾਰਾ ਨਾਥ ਤਾਂਤਰਿਕ ਅਤੇ ਬ੍ਰਹਮਾ ਪਿਸ਼ਾਚ ਭਾਗ 8

ਰੰਦਾਚਰਨ ਦਾ ਚਿਹਰਾ ਚਮਕ ਉੱਠਿਆ। ਉਸ ਨੇ ਕਿਹਾ- ਆਚਾਰੀਆ ਜੀ, ਹੁਣ ਮੇਰੀ ਜ਼ਿੰਦਗੀ ਵਿਚ ਖੁਸ਼ੀ ਵਾਪਸੀ ਆ ਗਈ ਲੱਗਦੀ ਹੈ। ਮੈਨੂੰ ਦੱਸੋ ਕਿ ਮੈਨੂੰ ਕਿਹੜੀਆਂ ਚੀਜ਼ਾਂ ਇਕੱਠੀਆਂ ਕਰਨ ਦੀ ਲੋੜ ਹੈ? ਅਤੇ ਦਕਸ਼ਿਣਾ ਸਮੇਤ ਕੁੱਲ ਲਾਗਤ ਕੀ ਹੋਵੇਗੀ?"

- ਕੀਮਤ ਨੂੰ ਛੱਡ ਭਾਈ , ਮੈਂ ਚੀਜ਼ਾਂ ਦੀ ਸੂਚੀ ਬਣਾ ਰਿਹਾ ਹਾਂ। ਹਰ ਚੀਜ਼ ਨੂੰ ਲਿਆ ਕੇ ਰੱਖੋ. ਤੁਹਾਨੂੰ ਕੁਝ ਚੀਜ਼ਾਂ ਨਹੀਂ ਮਿਲਣਗੀਆਂ, ਮੈਂ ਉਨ੍ਹਾਂ ਨੂੰ ਲੈ ਆਵਾਂਗਾ। ਇਸ ਸੂਚੀ ਵਿੱਚੋਂ ਆਈਟਮਾਂ ਨੂੰ ਲੱਭਣਾ ਮੁਸ਼ਕਲ ਹੋਵੇਗਾ। ਪਰ ਕੋਸ਼ਿਸ਼ ਕਰੋ. ਜੇ ਤੁਸੀਂ ਪਿੰਡ ਵਿੱਚ ਲੱਭ ਲਓ ।"

ਜਦੋਂ ਮੈਂ ਸੂਚੀ ਬਣਾ ਕੇ ਉਸ ਨੂੰ ਦਿੱਤੀ ਤਾਂ ਉਸ ਦਾ ਚਿਹਰਾ ਉਤੇਜਨਾ ਨਾਲ ਭਰ ਗਿਆ। ਗਰੀਬ ਬੰਦੇ ਦਾ ਕੋਈ ਕਸੂਰ ਨਹੀਂ। ਇੱਕ ਆਮ ਪੂਜਾ ਸਮੱਗਰੀ ਨਹੀਂ ਹੈ, ਹੈ ਨਾ?

ਕੀ ਤੁਸੀਂ ਸੁਣੋਗੇ ਕਿ ਸੂਚੀ ਵਿੱਚ ਕੀ ਸੀ? ਸੋ ਸੁਣੋ - ਸਿੱਧੀ ਉਪਵੀਤ, ਹਰਿਤਕੀ, ਅਰਵਾ ਚੌਲ, ਕੇਲਾ, ਮਿੱਟੀ ਦਾ ਘੜਾ ਆਦਿ ਜੋ ਆਮ ਚੀਜਾਂ ਸੂਚੀ ਵਿੱਚ ਸਨ। ਉਸ ਦੇ ਨਾਲ ਅੰਬ ਦੇ ਦਰੱਖਤ ਦੇ ਪੰਜ ਪੱਤੇ, ਹਲਦੀ ਦੇ ਰੰਗੇ ਧਾਗੇ ਨਾਲ ਬੰਨ੍ਹੇ ਹੋਏ , ਇੱਕ ਕਾਲੇ ਚਮਗਿੱਦੜ ਦਾ ਖੰਭ, ਛੱਪੜ ਦੇ ਤਲ 'ਤੇ ਮਿੱਟੀ ਜਿਸ ਵਿੱਚ ਕੋਈ ਡੁੱਬ ਕੇ ਮਰ ਗਿਆ ਹੋਵੇ, ਕਾਲੇ ਹੋਏ ਪੁਰਾਣੇ ਪਿੱਤਲ ਦੇ ਦੀਵੇ ਆਦਿ।

ਉਸ ਨੇ ਕਿਹਾ- ਮੈਂ ਇਸ ਦਾ ਪ੍ਰਬੰਧ ਕਰਕੇ ਰੱਖ ਲਵਾਂਗਾ। ਹੋਰ ਕੀ ਲੱਗੇਗਾ ਜਿਵੇਂ ਤੁਸੀਂ ਕਹਿ ਰਹੇ ਹੋ?

ਮੈਂ ਕਿਹਾ - -ਤੁਹਾਨੂੰ ਇਹ ਨਹੀਂ ਮਿਲੇਗਾ, ਇਹ ਦੁਕਾਨ ਵਿੱਚ ਉਪਲਬਧ ਨਹੀਂ ਹੈ। ਮੈਂ ਲੈ ਲਵਾਂਗਾ। ਹੁਣ ਮੈਨੂੰ ਤੁਹਾਡੇ ਪਿੰਡ ਜਾਣ ਦਾ ਰਸਤਾ ਸਾਫ਼-ਸਾਫ਼ ਦੱਸੋ-

ਉਸ ਨੇ ਚੰਗੀ ਤਰ੍ਹਾਂ ਰਸਤਾ ਦੱਸ ਦਿੱਤਾ ।

ਸੱਤ ਦਿਨਾਂ ਬਾਅਦ ਬੱਸ ਰਾਹੀਂ ਰੰਦਾ ਚਰਨ ਪਿੰਡ ਵਾਪਸ ਪਰਤਿਆ।

ਇਸ ਦੌਰਾਨ ਮੈਂ ਕਿਹਾ: "ਤੁਸੀਂ ਕਹਾਣੀ ਸੁਣਾ ਰਹੇ ਹੋ. ਪਰ ਅਸੀਂ ਇੱਕ ਸਵਾਲ ਪੁੱਛਣਾ ਸੀ ..."

-- ਕਹੋ---

"ਲੱਗਦਾ ਹੈ ਕਿ ਕਹਾਣੀ ਬਹੁਤ ਦੇਰ ਤੱਕ ਸੁਣਨੀ ਪਵੇਗੀ। ਰੰਦਾ ਚਰਨ ਦੀ ਬਦਕਿਸਮਤੀ ਦਾ ਕਾਰਨ ਕੀ ਸੀ, ਦੱਸੋ? ਅਸੀਂ ਜਾਣਨਾ ਚਾਹੁੰਦੇ ਹਾਂ--

ਤਾਰਾਨਾਥ ਨੇ ਕਿਹਾ - ਬ੍ਰਹਮ ਪਿਸ਼ਾਚ -

ਮੈਂ ਤਾਰਾਨਾਥ ਚੱਕਰਵਰਤੀ ਤੋਂ ਕਈ ਅਜੀਬ ਗੱਲਾਂ ਸੁਣੀਆਂ ਹਨ। ਪਰ ਬ੍ਰਹਮਾ ਪਿਸ਼ਾਚ ਬਾਰੇ ਕਦੇ ਨਹੀਂ ਸੁਣਿਆ।

ਮੈਂ ਕਿਹਾ:-"ਇਹ ਕੀ ਹੈ?"

ਤਾਰਾ ਨਾਥ ਨੇ ਆਪਣੀ ਸਿਗਰਟ ਦਾ ਭਾਰਾ ਪਫ ਲਿਆ ਅਤੇ ਕਿਹਾ, "ਮੈਂ ਇਹ ਨਹੀਂ ਕਹਿ ਸਕਦਾ, ਮੈਂ ਇਹ ਕਦੇ ਨਹੀਂ ਦੇਖਿਆ, ਸ਼ਾਇਦ ਇਹ ਦੇਖਿਆ ਨਹੀਂ ਜਾ ਸਕਦਾ, ਉਦਾਹਰਣ ਵਜੋਂ ਕਿਸੇ ਦੁਰਘਟਨਾ ਦਾ ਖਦਸ਼ਾ, ਡਰ, ਅਸ਼ੁਭਤਾ, ਬਿਮਾਰ ਦਾ ਮਾਹੌਲ। ਮਰੀਜ਼ ਦਾ ਕਮਰਾ, ਇਸ ਸਭ ਵਿੱਚ ਕੀ ਦੇਖਿਆ ਜਾ ਸਕਦਾ ਹੈ?

ਕੁਦਰਤ ਦੀ ਅਜਿਹੀ ਹੀ ਇੱਕ ਦੁਸ਼ਟ ਸ਼ਕਤੀ ਨੂੰ ਬ੍ਰਹਮਾ ਪਿਸ਼ਾਚ ਕਿਹਾ ਜਾਂਦਾ ਹੈ। ਇਹ ਨਾਮ ਇਸ ਲਈ ਵਰਤਿਆ ਗਿਆ ਹੈ ਕਿਉਂਕਿ ਇਹ ਪਛਾਣਨਾ ਆਸਾਨ ਹੈ, ਹਰ ਚੀਜ਼ ਨੂੰ ਵੱਖਰੇ ਨਾਮ ਨਾਲ ਪਛਾਣਿਆ ਜਾਂਦਾ ਹੈ. ਨਹੀਂ ਤਾਂ, ਹੇਠਲੇ ਤੰਤਰ ਦੀ ਲਗਭਗ ਅਲੋਪ ਹੋ ਚੁੱਕੀ ਕਪਾਟਿਕ ਸ਼ਾਖਾ ਵਿੱਚ, ਇਸਨੂੰ ਵਿਪਰਿਤ-ਕਾਰਿਕਾ ਸ਼ਕਤੀ ਕਿਹਾ ਜਾਂਦਾ ਹੈ। ਕੋਈ ਨਾਂ ਨਹੀਂ ਦਿੱਤਾ।

--ਇਹ ਇਨਸਾਨਾਂ ਨੂੰ ਕਿਉਂ ਪ੍ਰਭਾਵਿਤ ਕਰਦਾ ਹੈ? ਰੰਦਚਾਰਣ ਕੀ ਗੁਨਾਹ ਹੈ? ਉਸਨੂੰ ਦੁੱਖ ਕਿਉਂ ਝੱਲਣਾ ਪਿਆ?

------- -ਕੋਈ ਕਾਰਨ ਨਹੀਂ ਹੈ। ਜੇਕਰ ਕੋਈ ਅਚਾਨਕ ਸੜਕ 'ਤੇ ਤਿਲਕ ਜਾਵੇ ਅਤੇ ਉਸਦੀ ਲੱਤ ਟੁੱਟ ਜਾਵੇ ਤਾਂ ਕੀ ਕੀਤਾ ਜਾ ਸਕਦਾ ਹੈ?

ਮੈਂ ਕਿਹਾ - ਇਹ ਸਿਰਫ ਇੱਕ ਦੁਰਘਟਨਾ ਹੈ.

--ਬਹੁਤ ਸ਼ਕਤੀਸ਼ਾਲੀ ਸ਼ਕਤੀ, ਜੇਕਰ ਇਹ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਕਿਸੇ ਕੋਲ ਇਸ ਨੂੰ ਮੰਦਭਾਗੀ ਦੁਰਘਟਨਾ ਵਜੋਂ ਸਵੀਕਾਰ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਹੈ, ਬ੍ਰਹਮ ਪਿਸ਼ਾਚ ਸੰਸਾਰ ਦੀ ਇੱਕ ਵੱਡੀ ਬੁਰਾਈ ਹੈ, ਜਿਸਦਾ ਕੋਈ ਰੂਪ ਜਾਂ ਚੇਤਨਾ ਨਹੀਂ

ਹੈ। ਪਰ ਜਿਸਨੂੰ ਵੀ ਇਹ ਪ੍ਰਭਾਵਿਤ ਕਰਦਾ ਹੈ, ਇਹ ਉਸਨੂੰ ਅਤੇ ਉਸਦੇ ਨੇੜੇ ਦੇ ਲੋਕਾਂ ਨੂੰ ਬਹੁਤ ਦੁੱਖ ਪਹੁੰਚਾਉਂਦਾ ਹੈ।"

ਮੈਂ ਕਿਹਾ: "ਕੀ ਤੁਹਾਨੂੰ ਇਸ ਬਾਰੇ ਪਹਿਲਾਂ ਪਤਾ ਸੀ? ਜਾਂ ਰੰਦਾ ਚਰਨ ਦਾ ਪਹਿਲਾ ਹੀ ਮਾਮਲਾ ਸੀ?"

ਤਾਰਾ ਨਾਥ ਨੇ ਕਿਹਾ: “ਰੰਡਾ ਚਰਨ ਦੂਸਰਾ ਸੀ, ਇਹ ਘਟਨਾਵਾਂ ਹਰ ਰੋਜ਼ ਨਹੀਂ ਵਾਪਰਦੀਆਂ ਅਤੇ ਭਾਵੇਂ ਇੰਨੇ ਵੱਡੇ ਦੇਸ਼ ਵਿੱਚ ਕਿਤੇ ਨਾ ਕਿਤੇ ਵਾਪਰਦੀਆਂ ਹਨ, ਸਾਰੀਆਂ ਖ਼ਬਰਾਂ ਮੇਰੇ ਤੱਕ ਨਹੀਂ ਪਹੁੰਚਦੀਆਂ।

ਜਦੋਂ ਮੈਂ ਬੰਗਲਾਦੇਸ਼ ਵਿੱਚ ਪੈਦਲ ਯਾਤਰਾ ਕਰ ਰਿਹਾ ਸੀ ਤਾਂ ਮੈਂ ਸਿਰਫ਼ ਇੱਕ ਵਿਅਕਤੀ ਨੂੰ ਪਿਸ਼ਾਚ ਦੁਆਰਾ ਗ੍ਰਸਤ ਦੇਖਿਆ ਸੀ। ਮੈਂ ਨਦੀਆਨ ਅਤੇ ਮੁਰਸ਼ਿਦਾਬਾਦ ਦੀ ਸਰਹੱਦ 'ਤੇ ਇਕ ਪਿੰਡ ਵਿਚ ਪਨਾਹ ਲਈ. ਉੱਥੇ ਹੀ ਅਸੀਂ ਮਿਲੇ ਸੀ। ਉਸਨੇ ਮੈਨੂੰ ਸੱਦਾ ਨਹੀਂ ਦਿੱਤਾ ਸੀ ਅਤੇ ਨਾ ਹੀ ਉਸਨੂੰ ਮੇਰੇ ਤੰਤਰ-ਮੰਤਰ ਅਭਿਆਸ ਬਾਰੇ ਕੁਝ ਪਤਾ ਸੀ, ਉਸਨੇ ਇੱਕ ਆਮ ਬ੍ਰਾਹਮਣ ਮਹਿਮਾਨ ਵਜੋਂ ਜਾਣਿਆ ਸੀ। ਉਹਨਾਂ ਦਿਨਾਂ ਵਿੱਚ --

--ਉਨ੍ਹਾਂ ਦਿਨਾਂ ਵਿੱਚ ਕੀ ?

- ਪਰਾਹੁਣਚਾਰੀ ਦੀ ਖ਼ਾਤਰ, ਬ੍ਰਾਹਮਣਾਂ ਨੂੰ ਪਿੰਡ ਦੇ ਲੋਕ ਮਹਿਮਾਨ ਵਜੋਂ ਵੇਖਦੇ ਸੀ , ਅੱਜ ਵੀ ਦੇਖਦੇ ਹਨ, ਪਰ ਘੱਟ ਹੈ ।

ਮੈਂ ਸ਼ਾਮ ਨੂੰ ਉਸਦੇ ਘਰ ਦੇ ਵਰਾਂਡੇ ਵਿੱਚ ਬੈਠਾ ਸੀ। ਮੇਰੇ ਹੱਥ ਵਿਚ ਹੁੱਕਾ ਸੀ , ਜਿਹੜਾ ਘਰ ਦੇ ਕਿਸਾਨ ਨੇ ਦਿੱਤਾ ਸੀ।

ਘਰ ਦਾ ਮਾਲਕ ਮੇਰੇ ਨਾਲ ਵਾਲੀ ਕੁਰਸੀ 'ਤੇ ਬੈਠ ਗਿਆ ਅਤੇ ਉਹ ਇਸ ਬਾਰੇ ਗੱਲਾਂ ਕਰ ਰਿਹਾ ਸੀ। ਅਚਾਨਕ ਸਾਹਮਣੇ ਵਿਹੜੇ ਵਿਚ 'ਥੁਪ' ਦੀ ਆਵਾਜ਼ ਆਈ। ਅਸੀਂ ਦੋਵੇਂ

ਹੈਰਾਨੀ ਨਾਲ ਦੇਖਣ ਲੱਗੇ, ਇਹ ਕੋਈ ਭਾਰੀ ਵਸਤੂ ਨਹੀਂ ਸੀ, ਇਹ ਕਿਸੇ ਨਰਮ ਬੰਡਲ ਵਰਗੀ ਸੀ, ਕਿਸੇ ਚੀਜ਼ ਦੇ ਡਿੱਗਣ ਦੀ ਆਵਾਜ਼। ਮਾਲਕ ਦਾ ਨਾਂ ਵਿਸ਼ਨੂੰਪਦ ਹੈ, ਉਹ ਕੁਰਸੀ ਤੋਂ ਹੇਠਾਂ ਉਤਰ ਕੇ ਬਾਹਰ ਦੇਖਣ ਚਲਾ ਗਿਆ।

ਤੁਰੰਤ ਬਾਅਦ, ਇੱਕ ਚੀਕ ਸੁਣਾਈ ਦਿੱਤੀ - ... ਇਹ ਕੀ ਹੈ? ਓਏ ਭੋਲਿਆ,---- ਓਏ ਭੋਲਿਆ ਓਏ ---

ਤਾਰਾ ਨਾਥ ਤਾਂਤਰਿਕ ਅਤੇ ਬ੍ਰਹਮਾ ਪਿਸ਼ਾਚ ਭਾਗ 9

ਸਾਰੇ ਭੈਣ-ਭਰਾ ਘਰੋਂ ਬਾਹਰ ਆ ਗਏ। ਮੁਲਾਜ਼ਮ ਭੋਲਾ ਵੀ ਹੱਥ ਵਿੱਚ ਲਾਲਟੈਣ ਅਤੇ ਡੰਡਾ ਲੈ ਕੇ ਆਇਆ ਕਿ ਕੀ ਮਾਮਲਾ ਹੈ। ਅਤੇ ਮੈਂ ਵੀ ਅੱਗੇ ਵਧਿਆ। ਵਿਹੜੇ ਦੇ ਬਿਲਕੁਲ ਵਿਚਕਾਰ ਇੱਕ ਮੋਟੀ ਬਿੱਲੀ ਦਿਖਾਈ ਦਿੱਤੀ। ਦਰਵਾਜ਼ੇ ਰਾਹੀਂ ਨਹੀਂ ਆਈ ਸੀ , ਕਿਉਂਕਿ ਮੈਂ ਖੁਦ ਉੱਪਰੋਂ ਡਿੱਗਣ ਦੀ ਆਵਾਜ਼ ਸੁਣੀ ਸੀ ਜਿਵੇਂ ਕਿਸੇ ਨੇ ਕੰਧ ਦੇ ਦੂਜੇ ਪਾਸੇ ਤੋਂ ਜਾਨਵਰ ਨੂੰ ਛਾਲ ਮਾਰੀ ਹੋਵੇ. ਬਿੱਲੀ ਜ਼ਮੀਨ 'ਤੇ ਡਿੱਗੀ ਅਤੇ ਚੁੱਪਚਾਪ ਬੈਠੀ ਉਸ ਵੱਲ ਵੇਖਦੀ ਰਹੀ, ਬਾਲਕੋਨੀ ਤੋਂ ਇੱਕ ਬੁੱਢੀ ਔਰਤ ਸ਼ਾਇਦ ਵਿਸ਼ਨੂੰਪਦ ਦੀ ਮਾਂ ਦੀ ਆਵਾਜ਼ ਆਈ -- ਇਹ ਦੁਬਾਰਾ ਸ਼ੁਰੂ ਹੋ ਗਿਆ ਹੈ। ਵਿਸ਼ਨੂੰ, ਇਸ ਬਾਰੇ ਕੁਝ ਕਰ, ਪੁੱਤਰ!

ਇਸ ਤੋਂ ਪਹਿਲਾਂ ਕਿ ਵਿਸ਼ਨੂੰ ਕੁਝ ਬੋਲਦਾ, ਸਾਰੇ ਵਿਹੜੇ ਵਿਚ ਠੱਪ ਠੱਪ ਦੀ ਆਵਾਜ਼ ਆਉਣ ਲੱਗੀ। ਇਸ ਵਾਰ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਤੂਰੇ ਵੀ ਜ਼ਮੀਨ 'ਤੇ ਡਿੱਗ ਪਏ ਅਤੇ ਉੱਚੀ-ਉੱਚੀ ਚੀਕਣ ਲੱਗੇ। ਮੈਂ ਅਜਿਹੀ ਗੈਰ-ਕੁਦਰਤੀ ਘਟਨਾ ਕਦੇ ਨਹੀਂ ਦੇਖੀ ਸੀ। ਵਿਸ਼ਨੂੰਪਦ ਨੇ ਆਪਣੇ ਕਰਮਚਾਰੀ ਭੋਲਾ ਨੂੰ ਚੀਕ ਕੇ ਕਿਹਾ - - "ਬਾਹਰ

ਵਾਲਾ ਦਰਵਾਜ਼ਾ ਖੋਲ੍ਹੋ, ਉਹ ਸਾਰੇ ਬਾਹਰ ਨਿਕਲ ਜਾਣਗੇ।" ਅਤੇ ਵਿਸ਼ਨੂੰਪਦ ਮੇਰਾ ਹੱਥ ਫੜ ਕੇ ਕਹਿ ਰਹੇ ਹਨ - ਘਰ ਵਿੱਚ ਦਿਨ ਰਾਤ ਅਜੀਬ ਗੱਲਾਂ ਹੋ ਰਹੀਆਂ ਹਨ, ਮੈਂ ਤੁਹਾਨੂੰ ਦੱਸਣ ਜਾ ਰਿਹਾ ਸੀ ਤੇ ਇਹ ਤੁਹਾਡੇ ਸਾਹਮਣੇ ਹੀ ਵਾਪਰ ਗਿਆ ਹੈ।

ਵਿਸ਼ਨੂੰਪਦ ਬਿਨਾਂ ਕਿਸੇ ਦੀ ਪਰਵਾਹ ਕੀਤੇ ਆਪਣੇ ਘਰ ਦੀ ਸਾਰੀ ਘਟਨਾ ਬਿਆਨ ਕਰ ਰਿਹਾ ਸੀ, ਪਰ ਮੈਨੂੰ ਸੁਣਨ ਦੀ ਕੋਈ ਲੋੜ ਨਹੀਂ ਸੀ। ਕਿਉਂਕਿ ਉਦੋਂ ਤੱਕ ਹਵਾ ਵਿੱਚੋਂ ਚੌਲਾਂ ਦੀ ਅਣਸੁਖਾਵੀਂ ਗੰਧ ਦੇ ਨਾਲ-ਨਾਲ ਅਜੀਬ ਜਿਹੀ ਬਦਬੂ ਆਉਣੀ ਸ਼ੁਰੂ ਹੋ ਗਈ ਸੀ।

ਮੈਂ ਕਿਹਾ: "ਇਸ ਤੋਂ ਤੁਹਾਨੂੰ ਕੀ ਪਤਾ ਲੱਗਾ?"

ਤਾਰਾਨਾਥ ਨੇ ਨਵਾਂ ਪਾਸਿੰਗ ਸ਼ੋ ਜਗਾ ਕੇ ਕਿਹਾ -

ਮੈਂ ਸਮਝ ਗਿਆ ਕਿ ਇਸ ਘਰ ਵਿੱਚ ਬ੍ਰਹਮਾ ਪਿਸ਼ਾਚ ਆ ਗਿਆ ਹੈ। ਇਹ ਸਭ ਇਸ ਗੱਲ ਦਾ ਸੰਕੇਤ ਹੈ , ਮੈਂ ਗੁਰੂ ਜੀ ਤੋਂ ਸੁਣਿਆ ਸੀ, ਗ੍ਰੰਥਾਂ ਵਿੱਚ ਪੜ੍ਹਿਆ ਸੀ, ਪਰ ਦੇਖਿਆ ਪਹਿਲੀ ਵਾਰ ਸੀ।

---ਉਸ ਤੋਂ ਬਾਅਦ ਤੁਸੀਂ ਕੀ ਕੀਤਾ?

--- ਮਨੁੱਖ ਨੂੰ ਪਿਸ਼ਾਚ ਤੋਂ ਮੁਕਤ ਕਰਨ ਲਈ ਹੋਰ ਕੀ ਕਰਨਾ ਹੈ? ਸਾਡੀ ਸਾਧਨਾ ਦਾ ਨਿਯਮ ਹੈ, ਗੁਰੂ ਦਾ ਹੁਕਮ ਹੈ ਕਿਸੇ ਨੂੰ ਮੁਸੀਬਤ ਵਿੱਚ ਨਾ ਛੱਡੋ। ਜੇ ਤੂੰ ਭੱਜ ਗਿਆ ਤਾਂ ਤੇਰੀ ਸਾਧਨਾ ਦਾ ਫਲ ਨਸ਼ਟ ਹੋ ਜਾਵੇਗਾ, ਜੋ ਕੁਝ ਮੈਂ ਰੰਦਾ ਚਰਣ ਦੇ ਘਰ ਕੀਤਾ, ਵਿਸ਼ਣੁਪਦ ਦੇ ਘਰ ਵੀ ਮੈਂ ਉਹੀ ਕੀਤਾ।

ਮੈਂ ਕਿਹਾ: "ਕੀ ਤੁਹਾਨੂੰ ਇਸ ਵਿੱਚ ਕੋਈ ਫਲ ਮਿਲਿਆ? ਕੀ ਪਿਸ਼ਾਚ ਦਾ ਪ੍ਰਭਾਵ ਦੂਰ ਹੋ ਗਿਆ?"

ਤਾਰਾਨਾਥ ਨੂੰ ਥੋੜਾ ਗੁੱਸਾ ਆਇਆ ਅਤੇ ਕਿਹਾ - ਤੁਸੀਂ ਕੀ ਕਹਿ ਰਹੇ ਹੋ? ਕੋਈ ਫਲ ਨਹੀਂ ਮਿਲਿਆ ? ਮੈਂ ਤਾਰਾਨਾਥ ਤਾਂਤਰਿਕ ਹਾਂ, ਸਮਸ਼ਾਨ, ਬੀਰਭੂਮ ਦੇ ਹਾਕਿਨੀ ਸਿੱਧ ਮਾਤੂ ਪਗਲੀ ਦਾ ਚੇਲਾ ਹਾਂ। ਇਹ ਨੀਚ ਪਿਸ਼ਾਚ, ਮੇਰੇ ਸਾਹਮਣੇ ਕਿਵੇਂ ਖੜ੍ਹਾ ਹੋ ਸਕਦਾ ਹੈ? ਕਾਰਵਾਈ ਕਰ ਕੇ ਉਸ ਨੂੰ ਭਜਾ ਦਿੱਤਾ।

ਹਿੰਮਤ ਜੁਟਾ ਕੇ ਮੈਂ ਪੁਛਿਆ--- ਕਿਹੜੀ ਕਾਰਵਾਈ?

- ਫਿਰ ਉਹੀ ਸਵਾਲ? ਮੈਂ ਕਿੰਨੀ ਵਾਰ ਕਿਹਾ ਹੈ ਕਿ ਕਿਸੇ ਗਲਤੀ ਨਾਲ ਵੀ ਗੁਪਤ ਕੰਮਾਂ ਬਾਰੇ ਨਹੀਂ ਬੋਲਣਾ । ਬੋਲਣ ਨਾਲ ਕੋਈ ਸਮਝ ਨਹੀਂ ਸਕੇਗਾ ਅਤੇ ਮੇਰੇ ਕਰਮ ਦਾ ਗੁਣ ਵੀ ਨਾਸ ਹੋ ਜਾਵੇਗਾ। ਪਰ ਮੈਂ ਤੁਹਾਨੂੰ ਕੁਝ ਦੱਸਦਾ ਹਾਂ ਕਿਉਂਕਿ ਤੁਸੀਂ ਲੋਕ ਚੰਗੇ ਹੋ, ਮੈਂ ਤੁਹਾਨੂੰ ਬ੍ਰਾਹਮਣ ਪਿਸ਼ਾਚ ਨੂੰ ਭਜਾਉਣ ਦੀ ਪੂਰੀ ਪ੍ਰਕਿਰਿਆ ਨਹੀਂ ਦੱਸ ਸਕਦਾ ਪਰ ਕੀ ਚਾਹੀਦਾ ਹੈ, ਮੈਂ ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਅਤੇ ਸੁਣਨ ਤੋਂ ਬਾਅਦ ਬਹੁਤ ਹੈਰਾਨ ਹੋਵੋਗੇ , ਸਭ ਤੋਂ ਪਹਿਲਾਂ ਮੈਂ ਜੈਅੰਤੀ ਦੀ ਜੜ੍ਹ ਨੂੰ ਸਰੀਰ ਦੇ ਬੰਧਨ ਦੇ ਰੂਪ ਵਿੱਚ ਉਂਗਲੀ ਦੀ ਸ਼ਕਲ ਵਿੱਚ ਕੱਟਿਆ ਅਤੇ ਮੰਤਰ ਦਾ ਜਾਪ ਕਰਨ ਤੋਂ ਬਾਅਦ, ਮੈਂ ਖ਼ਤਰੇ ਵਿੱਚ ਪਏ ਵਿਅਕਤੀ ਦੇ ਗੁੱਟ 'ਤੇ ਰੱਖ ਦਿੱਤਾ। ਕੀ ਤੁਹਾਨੂੰ ਪਤਾ ਹੈ ਕਿ ਜੈਅੰਤੀ ਕੀ ਹੈ?

.....ਜਯੰਤੀ ਦਾ ਇਹ ਲੋਕ ਨਾਮ ਜੈ ਹਰੰਤਕੀ ਹੈ, ਇਹ ਪੂਜਾ ਦੀ ਦੁਕਾਨ ਤੋਂ ਪੁੱਛ ਕੇ ਪਤਾ ਲੱਗ ਸਕਦਾ ਹੈ। ਪਰ ਸਭ ਤੋਂ ਪਹਿਲਾਂ ਇਸ ਨੂੰ ਲੰਬੇ ਸਮੇਂ ਤੱਕ ਸੁਕਾ ਕੇ ਰੱਖਿਆ ਜਾਣਾ ਚਾਹੀਦਾ ਹੈ ਅਤੇ ਇਹ ਵੀ ਕਹਿਣਾ ਮੁਸ਼ਕਲ ਹੈ ਕਿ ਇਹ ਅਸਲੀ ਹੈ ਜਾਂ ਨਹੀਂ। ਤੁਸੀਂ ਲੋਕਾਂ ਨੇ ਇਹ ਸੁਣਿਆ ਹੈ, ਪਰ ਇਸ ਨੂੰ ਆਪਣੇ ਆਪ ਨਾ ਕਰੋ, ਕਿਉਂਕਿ ਅਸਲ ਗੱਲ ਉਹ ਮੰਤਰ ਹੈ ਜੋ ਮੈਂ ਤੁਹਾਨੂੰ ਕਦੇ ਨਹੀਂ ਦੱਸਾਂਗਾ। ਇਸ ਦੇ ਨਾਲ ਹੀ ਕਾਲੀ ਬੱਕਰੀ 'ਤੇ ਲੱਗੀ ਮਿੱਟੀ ਨੂੰ ਚਾਕੂ ਨਾਲ ਥੋੜਾ ਜਿਹਾ ਖੁਰਚਣਾ ਪੈਂਦਾ ਹੈ, ਘੋੜੀ ਦੀਆਂ ਪਿਛਲੀਆਂ ਲੱਤਾਂ ਤੋਂ ਵਾਲ ਆਦਿ ਕੱਟਣੇ ਪੈਂਦੇ ਹਨ, ਅਨੰਦ ਦੀ ਲੱਕੜ ਦੀ ਅੱਗ

ਬਣਾਉਣੀ ਪੈਂਦੀ ਹੈ, ਇਹ ਸਾਰਾ ਸਾਮਾਨ ਇਕੱਠਾ ਕੀਤਾ ਜਾਂਦਾ ਹੈ। ਇਹ ਸਭ ਕੁੱਝ ਇੱਕ ਛੋਟੇ ਮਿੱਟੀ ਦੇ ਘੜੇ ਵਿੱਚ ਪਾ ਕੇ ਸਾੜ ਦਿੱਤਾ.। ਯੱਗ ਦੇ ਸ਼ੁਰੂ ਵਿੱਚ, ਆਪਣੇ ਕੋਲ ਬੈਠੇ ਮੇਜ਼ਬਾਨ ਨੂੰ ਉਸ ਸੁਆਹ ਨੂੰ ਬਰਸਾਤ ਦੇ ਪਾਣੀ ਵਿੱਚ ਮਿਲਾ ਕੇ ਆਪਣੇ ਮੱਥੇ 'ਤੇ ਤਿਲਕ ਲਗਾਉਣਾ ਪੈਂਦਾ ਹੈ।

ਇਹਨੂੰ ਛੱਡੋ , ਰੰਦਾਚਰਨ ਦੇ ਘਰ ਦੀ ਗੱਲ ਕਰਦੇ ਹਾਂ ।

ਮੈਂ ਤਾਰਾਨਾਥ ਨੂੰ ਰੋਕਿਆ ਅਤੇ ਕਿਹਾ, "ਨਹੀਂ-ਨਹੀਂ, ਪਹਿਲਾਂ ਇਹ ਗੱਲ ਪੂਰੀ ਕਰੋ।"

-ਕਿਹੜੀ ?

-ਤੁਸੀਂ ਕਿਸੇ ਮਹਿਕ ਅਤੇ ਅਰਵਾ ਚੌਲਾਂ ਦੀ ਗੱਲ ਕਰ ਰਹੇ ਸੀ?

---ਓਹ ਮੈਂ ਭੁੱਲ ਗਿਆ,..... ਜਿੱਥੇ ਕਦੇ ਵੀ ਅਜਿਹੀ ਗੰਧ ਆਵੇਗੀ, ਤੁਹਾਨੂੰ ਪਤਾ ਲੱਗ ਜਾਵੇਗਾ ਕਿ ਜਾਂ ਤਾਂ ਕੋਈ ਬੁਰਾ ਦੇਵਤਾ ਹੈ ਜਾਂ ਸੱਪ ਦੀ ਮੌਜੂਦਗੀ ਹੈ ।

ਮੈਂ ਹੈਰਾਨ ਸੀ ਅਤੇ ਕਿਹਾ: "ਸੱਪ ਅਤੇ ਦੇਵਤੇ?"

----ਹਾਂ ਜੇ ਗੋਵਿੰਦ ਭੋਗ ਚੌਲਾਂ ਦੀ ਮਹਿਕ ਹਵਾ ਵਿੱਚ ਫੈਲਦੀ ਹੈ

-- ਰੰਦਾਚਾਰਨ ਦੀ ਗੱਲ ਕਰੋ

ਗੱਲ ਦੂਜੇ ਪਾਸੇ ਜਾ ਰਹੀ ਸੀ , ਮੈਂ ਹੁਣ ਤਾਰਾਨਾਥ ਨੂੰ ਪਰੇਸ਼ਾਨ ਨਹੀਂ ਕੀਤਾ। ਅਜੀਬੋ-ਗਰੀਬ ਗੱਲਾਂ ਸੁਣਨ ਵੇਲੇ, ਅਸਲ ਕਹਾਣੀ ਤਾਂ ਸੁਣਨ ਨੂੰ ਹੀ ਰਹਿ ਜਾਵੇਗੀ।

ਤਾਰਾਨਾਥ ਨੇ ਬੋਲਣਾ ਸ਼ੁਰੂ ਕੀਤਾ - 1 ਘੰਟੇ ਪੈਦਲ ਚੱਲ ਕੇ ਮੈਂ ਰਾਮਨਗਰ ਪਿੰਡ ਪਹੁੰਚ ਗਿਆ। ਅੰਬ, ਅਮਰੂਦ ਅਤੇ ਕਟਹਲ ਦੇ ਰੁੱਖਾਂ ਨਾਲ ਘਿਰਿਆ ਇੱਕ ਬਹੁਤ ਹੀ ਮਨਮੋਹਕ ਪਿੰਡ। ਪਰ ਜਦੋਂ ਰੰਦਾਚਰਨ ਦੇ ਘਰ ਵੜਿਆ ਤਾਂ ਮਨ ਦੀ ਸ਼ਾਂਤੀ ਦੀ ਭਾਵਨਾ ਗਾਇਬ ਹੋ ਗਈ। ਇਹ ਵਿਸ਼ੇਸ਼ ਭਾਵਨਾ ਸ਼ਕਤੀ ਮੈਨੂੰ ਮਧੂ ਸੁੰਦਰੀ ਦੇਵੀ ਦੁਆਰਾ

ਦਿੱਤੀ ਗਈ ਸੀ, ਜਿੱਥੇ ਕੋਈ ਵੀ ਬੁਰਾ ਜਾਂ ਗੈਰ-ਕੁਦਰਤੀ ਸ਼ਕਤੀਆਂ ਦਾ ਪਰਭਾਵ ਹੁੰਦਾ ਹੈ, ਮੈਂ ਇਸ ਨੂੰ ਉਦੋਂ ਹੀ ਸਮਝ ਜਾਂਦਾ ਹਾਂ ਜਦੋਂ ਮੈਂ ਉਸ ਸਥਾਨ ਵਿੱਚ ਪੈਰ ਰੱਖਦਾ ਹਾਂ।

ਮੈਨੂੰ ਦੇਖ ਕੇ ਚੰਦਾਚਰਨ ਦੌੜਦਾ ਆਇਆ। ਮੂੜ੍ਹੇ 'ਤੇ ਬੈਠ ਕੇ ਹੱਥ-ਮੂੰਹ ਧੋ ਕੇ ਆਰਾਮ ਕਰਦੇ ਹੋਏ ਮੈਂ ਪੁੱਛਿਆ --- ਹੋਰ ਕੁਝ ਹੋਇਆ?

--ਨਹੀਂ। ਰਾਤ ਨੂੰ ਵੀ ਮੈਨੂੰ ਉਹ ਸੁਪਨਾ ਆਇਆ ਸੀ। ਇੱਥੇ ਉਸ ਅੱਧ-ਬਣੇ ਘਰ ਵਿੱਚ, ਮੈਂ ਭੁਲੇਖੇ ਚ ਬਾਹਰ ਨਹੀਂ ਨਿਕਲ ਸਕਦਾ।

ਮੈਂ ਕਿਹਾ: ਡਰਨ ਦੀ ਕੋਈ ਲੋੜ ਨਹੀਂ, ਚੰਦਾ - ਹੁਣ ਸਭ ਠੀਕ ਹੋ ਜਾਵੇਗਾ, ਕੀ ਤੁਹਾਨੂੰ ਉਹ ਸਮਾਨ ਮਿਲਿਆ ਜੋ ਤੁਹਾਨੂੰ ਲਿਆਉਣ ਲਈ ਕਿਹਾ ਗਿਆ ਸੀ?

-ਹਾਂ, ਕੁੱਝ ਮਿਲਿਆ ਹੈ , ਤੁਸੀਂ ਕਿਹਾ ਸੀ ਕਿ ਲੈ ਕੇ ਆਓਗੇ।

-ਮੈਂ ਤਾਂ ਲੈ ਕੇ ਆਇਆ ਹਾਂ, ਤੁਹਾਡਾ ਘਰ ਬਹੁਤ ਵੱਡਾ ਹੈ। ਕੀ ਛੱਤ 'ਤੇ ਚੜ੍ਹਨ ਲਈ ਕੋਈ ਪੌੜੀ ਹੈ? ਨਹੀਂ ਤਾਂ ਅੱਜ ਬਾਂਸ ਦੀਆਂ ਪੌੜੀਆਂ ਬਣਾ ਲਓ । ਮੈਂ ਕੱਲ੍ਹ ਹੀ ਪੂਜਾ ਛੱਤ 'ਤੇ ਕਰਾਂਗਾ।

- ਛੱਤ 'ਤੇ?

-ਹਾਂ ਚੰਦਾ , ਇਕ ਗੱਲ ਧਿਆਨ ਨਾਲ ਸੁਣ। ਮੇਜ਼ਬਾਨ ਨਾਲ ਗੱਲ ਕੀਤੇ ਬਿਨਾਂ ਕੋਈ ਵੀ ਰਸਮ ਕਰਨਾ ਉਚਿਤ ਨਹੀਂ ਹੈ, ਤੁਹਾਨੂੰ ਉਸ ਕਿਰਿਆ ਦਾ ਫਲ ਨਹੀਂ ਮਿਲਦਾ, ਕੀ ਤੁਸੀਂ ਆਪਣੇ ਘਰ ਜਾਂ ਤੁਹਾਡੇ ਜੀਵਨ ਵਿੱਚ ਵਾਪਰ ਰਹੀਆਂ ਘਟਨਾਵਾਂ ਦਾ ਕਾਰਨ ਜਾਣਦੇ ਹੋ।

ਉਸਨੇ ਹੈਰਾਨੀ ਨਾਲ ਵੇਖਣਾ ਸ਼ੁਰੂ ਕੀਤਾ। ਉਸ ਵੱਲ ਵੇਖ ਕੇ ਮੈਂ ਕਿਹਾ: “ਤੁਹਾਨੂੰ ਦੁਸ਼ਟ ਆਤਮਾ ਬ੍ਰਹਮ ਪਿਸ਼ਾਚ ਨੇ ਕਾਬੂ ਕੀਤਾ ਹੋਇਆ ਹੈ।

ਅਜਿਹੀ ਗੱਲ ਸੁਣ ਕੇ ਉਸ ਵਿਅਕਤੀ ਦੇ ਮਨ ਦੀ ਹਾਲਤ ਨਹੀਂ ਸੁਧਰੀ ਅਤੇ ਉਹ ਬੋਲਿਆ, "ਆਚਾਰੀਆ ਜੀ, ਇਹ ਕੀ ਹੈ?"

.....ਤੁਹਾਨੂੰ ਇਹ ਜਾਣਨ ਦੀ ਲੋੜ ਨਹੀਂ ਹੈ। ਜੇਕਰ ਤੁਹਾਨੂੰ ਅਗਮ ਤੰਤਰ ਦਾ ਗਿਆਨ ਨਹੀਂ ਹੈ ਤਾਂ ਤੁਸੀਂ ਇਸ ਨੂੰ ਸਮਝ ਨਹੀਂ ਸਕੋਗੇ। ਜਿਸ ਦਿਨ ਤੁਸੀਂ ਮੇਰੇ ਘਰ ਗਏ, ਤੁਹਾਡੇ ਗੱਲਾਂ ਤੋਂ ਮੈਂ ਸਮਝ ਗਿਆ ਕਿ ਕੀ ਹੋਇਆ ਸੀ. ਬ੍ਰਹਮ-ਪਿਸ਼ਾਚ ਦੇ ਪ੍ਰਭਾਵ ਕਾਰਨ ਮਨੁੱਖ ਦੇ ਸਾਰੇ ਯਤਨ ਅਧੂਰੇ ਰਹਿ ਜਾਂਦੇ ਹਨ। ਜਿਸ ਕਾਰਨ ਤੁਸੀਂ ਸੁਪਨੇ ਵਿੱਚ ਆਪਣਾ ਅੱਧਾ ਘਰ ਬਣਿਆ ਦੇਖਿਆ ਸੀ। ਅੰਨ-ਕ੍ਰਿਤੀਕਾ ਹੋਈ ਹੈ। ਇਸ ਦਾ ਮਤਲਬ ਹੈ ਕਿ ਪਕਾਉਣ ਵੇਲੇ ਚੌਲ ਅੱਧੇ ਤੋਂ ਵੱਧ ਨਹੀਂ ਪੱਕਦੇ । ਇਸ ਤੋਂ ਇਲਾਵਾ ਨਾਲ ਹੀ ਬੁਰਾ ਸਮਾਂ ਸ਼ੁਰੂ ਹੋ ਗਿਆ ਹੈ। ਜ਼ਿੰਦਗੀ ਵਿਚੋਂ ਸਮੇਂ ਦਾ ਅਜੀਬ ਅਲੋਪ ਹੋਣਾ ਅਤੇ ਇਸ ਦੇ ਨਾਲ ਹੀ ਰਾਤ ਨੂੰ ਕਾਂਵਾਂ ਦੀ ਪੁਕਾਰ ਸੁਣਾਈ ਦੇਣੀ , ਉਸਦਾ ਅਗਲਾ ਵਾਰ ਬਹੁਤ ਭਿਆਨਕ ਹੋਵੇਗਾ । ਇਹ ਆਖਰੀ ਵਾਰ ਹੋਵੇਗਾ । ਖੁਸ਼ਕਿਸਮਤੀ ਨਾਲ ਤੁਸੀਂ ਇਸ ਤੋਂ ਪਹਿਲਾਂ ਮੈਨੂੰ ਮਿਲਣ ਆ ਗਏ । ਨਹੀਂ ਤਾਂ ਫਿਰ ---

ਰੰਦਾਚਰਨ ਨੇ ਕੰਬਦੇ ਹੋਏ ਕਿਹਾ: "ਨਹੀਂ ਤਾਂ ਕੀ ਹੋਣਾ ਸੀ?"

...ਨਹੀਂ ਤਾਂ ਆਖਰੀ ਵਾਰ ਮਤਲਬ ਸਰੀਰ ਦਾ ਨੁਕਸਾਨ ਸ਼ੁਰੂ ਹੋ ਜਾਣਾ ਸੀ। ਘਰ ਦੇ ਮਾਲਕ ਦਾ ਸਰੀਰ ਵਿਗੜਨਾ ਸ਼ੁਰੂ ਹੋ ਜਾਂਦਾ ਹੈ, ਕੋਈ ਇਲਾਜ ਕੋਈ ਨਤੀਜਾ ਨਹੀਂ ਦਿੰਦਾ, ਹੌਲੀ-ਹੌਲੀ ਸਰੀਰ ਅੱਧੇ ਤੋਂ ਵੱਧ ਸੁੰਗੜ ਜਾਂਦਾ ਹੈ ਅਤੇ ਫਿਰ ਮੌਤ ਨਿਸ਼ਚਤ ਹੁੰਦੀ ਹੈ।

ਰੰਦਾਚਰਨ ਦੀਆਂ ਅੱਖਾਂ ਵਿੱਚ ਚਿੰਤਾ ਸੀ, ਉਹ ਬੇਬੱਸ ਆਵਾਜ਼ ਵਿੱਚ ਬੋਲਿਆ, "ਆਚਾਰੀਆ ਜੀ, ਮੇਰੇ ਘਰ ਬੱਚੇ ਹਨ, ਮੈਂ ਕੁਝ ਗਲਤ ਨਹੀਂ ਕੀਤਾ। ਮੈਂ ਇਸ ਤਰ੍ਹਾਂ ਮਰਨਾ ਨਹੀਂ ਚਾਹੁੰਦਾ ...।"

ਮੈਂ ਉਸ ਦੇ ਸਿਰ 'ਤੇ ਹੱਥ ਰੱਖ ਕੇ ਕਿਹਾ, "ਚਿੰਤਾ ਨਾ ਕਰੋ, ਮੈਂ ਤੁਹਾਨੂੰ ਡਰਾਉਣ ਲਈ ਕੁਝ ਨਹੀਂ ਕਿਹਾ। ਜੇ ਤੁਹਾਨੂੰ ਖ਼ਤਰੇ ਦੀ ਕਿਸਮ ਦਾ ਪਤਾ ਹੈ, ਤਾਂ ਤੁਸੀਂ ਇਸ ਨਾਲ ਲੜੋ। ਕੱਲ੍ਹ ਹੀ ਸਾਰੀਆਂ ਆਫ਼ਤਾਂ ਖਤਮ ਹੋ ਜਾਣਗੀਆਂ।"

ਕਿਰਿਆ ਅਗਲੇ ਦਿਨ ਦੁਪਹਿਰ 3:14 ਵਜੇ ਸ਼ੁਰੂ ਹੋਈ। ਮੈਂ ਬਾਕੀ ਸਾਰਾ ਦਿਨ ਚੁਬਾਰੇ ਵਿੱਚ ਤੰਬਾਕੂ ਪੀਂਦਿਆਂ ਬਿਤਾਇਆ। ਰੰਦਾ ਨੇ ਇੱਕ ਵਾਰ ਦੁਪਹਿਰ ਦਾ ਖਾਣਾ ਖਾਣ ਦਾ ਪ੍ਰਸਤਾਵ ਰੱਖਿਆ।

ਮੈਂ ਉਸ ਨੂੰ ਕਿਹਾ- ਅਜਿਹਾ ਕਰਨ ਲਈ ਵਰਤ ਰੱਖਣਾ ਚਾਹੀਦਾ ਹੈ। ਮੈਂ ਪਾਣੀ ਵੀ ਨਹੀਂ ਪੀਵਾਂਗਾ। ਤੁਸੀਂ ਖਾ ਸਕਦੇ ਹੋ। ਕਿਉਂਕਿ ਤੁਹਾਡਾ ਇਸ ਕੰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਭਾਵੇਂ ਇਹ ਯੱਗ ਤੁਹਾਡੀ ਭਲਾਈ ਲਈ ਕੀਤਾ ਜਾਂਦਾ ਹੈ। ਓਹ ਤੁਸੀਂ ਦੂਰੋਂ ਹੀ ਬੈਠ ਕੇ ਵੇਖੋਗੇ

ਰੰਦਾਚਰਨ ਦੀ ਮਾਤਾ ਅਤੇ ਘਰ ਦੀਆਂ ਔਰਤਾਂ ਨੂੰ ਦੱਸਿਆ ਗਿਆ ਕਿ ਘਰ ਦੇ ਸ਼ੁਭ ਕਾਰਜ ਲਈ ਛੱਤ 'ਤੇ ਸ਼ਾਂਤੀ ਹਵਨ ਅਤੇ ਯੱਗ ਕੀਤਾ ਜਾਵੇਗਾ, ਉਹ ਸਾਰੇ ਬਹੁਤ ਸਾਦੇ ਜਿਹੇ ਸੁਭਾਅ ਦੇ ਸਨ ਅਤੇ ਸਮਝ ਗਏ ਸਨ ਕਿ ਕੀ ਕਿਹਾ ਗਿਆ ਹੈ। ਰਾਤ 10:00 ਵਜੇ ਹਵਨ ਅਤੇ ਯੱਗ ਦੀ ਪ੍ਰਕਿਰਿਆ ਸ਼ੁਰੂ ਕੀਤੀ। ਕੁਝ ਦੂਰੀ 'ਤੇ ਬੈਠਾ ਰੰਦਾਚਰਨ ਗੋਲ ਗੋਲ ਅੱਖਾਂ ਨਾਲ ਮੇਰੇ ਵੱਲ ਦੇਖਣ ਲੱਗਾ।

ਜਿਵੇਂ ਹੀ ਪੂਜਾ ਸ਼ੁਰੂ ਹੋਈ, ਮੈਨੂੰ ਲੱਗਾ ਕਿ ਇੰਨੀ ਦੇਰ ਤੋਂ ਰੁਕੀ ਹੋਈ ਹਵਾ ਹੌਲੀ-ਹੌਲੀ ਵਗਣ ਲੱਗੀ ਹੈ। ਜਿਵੇਂ ਸ਼ਾਂਤ ਪਾਣੀ ਵਿੱਚ ਪੱਥਰ ਦੇ ਟੁਕੜੇ ਸੁੱਟਣ ਨਾਲ ਗੋਲ ਲਹਿਰਾਂ ਪੈਦਾ ਹੁੰਦੀਆਂ ਹਨ।

ਰੰਦਾ ਡੂੰਘੀਆਂ ਅੱਖਾਂ ਨਾਲ ਇਧਰ-ਉਧਰ ਦੇਖ ਰਿਹਾ ਸੀ ।ਕੁਝ ਬੋਲਣ ਵਾਲਾ ਸੀ ।

ਮੈਂ ਉਸ ਵੱਲ ਦੇਖਿਆ ਅਤੇ ਆਪਣੇ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਉਸ ਨੂੰ ਚੁੱਪ ਰਹਿਣ ਲਈ ਕਿਹਾ

ਮੈਂ ਮਿੱਟੀ ਉੱਤੇ ਰੇਤ ਵਿਛਾ ਕੇ ਯੱਗ ਦੀ ਵੇਦੀ ਬਣਾਈ ਹੈ ਅਤੇ ਉਸ ਵਿੱਚ ਪਤਲੀਆਂ ਟਾਹਣੀਆਂ ਦੀ ਅੱਗ ਬਾਲੀ । ਮੈਂ ਆਪਣੇ ਸੱਜੇ ਹੱਥ ਵਿੱਚ ਕੁਸ਼ ਅਤੇ ਘਿਉ ਲੈ ਕੇ ਭੇਟਾ ਚੜ੍ਹਾ ਰਿਹਾ ਹਾਂ। ਅਤੇ ਹਰ ਵਾਰ ਮੈਂ ਆਪਣੇ ਖੱਬੇ ਹੱਥ ਨਾਲ ਫੜੀ ਅਸਵਾਰ ਦੀ ਦਾਲ ਨੂੰ ਸੁੱਟ ਰਿਹਾ ਹਾਂ. ਇਕ ਘੰਟਾ ਇਸ ਤਰ੍ਹਾਂ ਲਗਾਤਾਰ ਜਾਪ ਕਰਨ ਤੋਂ ਬਾਅਦ ਆਲੇ-ਦੁਆਲੇ ਦੀ ਹਵਾ ਵਿਚ ਹਲਕੀ ਜਿਹੀ ਗੰਧ ਆਈ, ਇਹ ਕੋਈ ਮਾੜੀ ਗੰਧ ਨਹੀਂ ਸੀ, ਸਗੋਂ ਇਕ ਅਜਿਹੀ ਗੰਧ ਸੀ, ਜੋ ਆਮ ਕਦੇ ਮਹਿਸੂਸ ਨਹੀਂ ਹੋਈ। ਕੁਝ ਸਮੇਂ ਲਈ ਸਾਹ ਲੈਣ ਤੋਂ ਬਾਅਦ, ਵਿਅਕਤੀ ਹੋਸ਼ ਗੁਆਉਣਾ ਸ਼ੁਰੂ ਕਰ ਦਿੰਦਾ ਹੈ। ਮੈਂ ਦੇਖਿਆ ਕਿ ਇਸ ਅਸਪਸ਼ਟ ਗੰਧ ਦੇ ਪ੍ਰਭਾਵ ਹੇਠ, ਰੰਦਾ ਬੈਠਾ ਬੈਠਾ ਥੋੜ੍ਹਾ ਜਿਹਾ ਅੱਗੇ-ਪਿੱਛੇ ਹੋਣ ਲੱਗਾ।

ਉਸ ਦੀਆਂ ਅੱਖਾਂ ਅੱਧੀਆਂ ਬੰਦ ਸਨ। ਮੂੰਹ ਖੁੱਲ੍ਹਾ ਸੀ। ਮੈਂ ਫਟਾਫਟ ਮਾਧੁਰੀ ਦੇਵੀ ਦੁਆਰਾ ਦਿੱਤੇ ਸ਼ੁੱਧੀਕਰਨ ਮੰਤਰ ਦਾ ਜਾਪ ਕੀਤਾ ਅਤੇ ਚੰਦਨ ਦਾ ਲੇਪ ਲਗਾ ਕੇ ਯੱਗ ਕੁੰਡ ਵਿੱਚ ਖੂਨ ਲੱਗੀ ਲਕੜੀ ਸੁੱਟ ਦਿੱਤੀ।

ਤੁਰੰਤ ਹੀ ਉਹ ਗੰਧ ਹੌਲੀ-ਹੌਲੀ ਅਲੋਪ ਹੋ ਗਈ,

ਬਲੀ ਦੀ ਵੇਦੀ ਅੱਗ ਬਲ ਰਹੀ ਸੀ , ਹੁਣ ਪੂਜਾ ਦੀ ਸਮਾਪਤੀ ਸ਼ੁਰੂ ਹੋ ਗਈ ਸੀ। ਅੱਗ ਅਤੇ ਲੱਕੜ ਦੇ ਵਿਚਕਾਰੋਂ ਇੱਕ ਹਰੇ ਰੰਗ ਦੀ ਚਮਕਦੀ ਰੌਸ਼ਨੀ ਕੰਬਦੀ ਹੋਈ ਬਾਹਰ ਆ ਰਹੀ ਸੀ। ਮੈਂ ਨੀਵੀਂ ਆਵਾਜ਼ ਵਿੱਚ ਕਿਹਾ - ਦੇਖ ਰੰਦਾ,

ਮੇਰੀਆਂ ਉਂਗਲਾਂ 'ਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ, ਰੰਦਾ ਯੱਗ ਦੀ ਵੇਦੀ ਵਿਚੋਂ ਹਰੇ ਰੰਗ ਦੀ ਚਮਕਦੀ ਰੌਸ਼ਨੀ ਦੇਖ ਕੇ ਹੈਰਾਨ ਹੋ ਗਿਆ।

ਮੈਂ ਕਿਹਾ---ਦੇਖ --- ਪਿਸ਼ਾਚ ਦਾ ਰੂਪ।

ਮੰਤਰ ਦਾ ਜਾਪ ਕਰਦੇ ਸਮੇਂ, ਮੈਂ ਆਪਣੀ ਅਗਲੀ ਉਂਗਲ ਨੂੰ ਹਿਲਾ ਕੇ ਇਸ ਹਰੀ ਰੋਸ਼ਨੀ ਨੂੰ ਅਸਮਾਨ ਵੱਲ ਜਾਣ ਦਾ ਸੰਕੇਤ ਦਿੱਤਾ, ਪਹਿਲਾਂ ਹੌਲੀ-ਹੌਲੀ ਅਤੇ ਫਿਰ ਤੇਜ਼ੀ ਨਾਲ ਉਹ ਉਪਰ ਨੂੰ ਜਾਣ ਲੱਗੀ । ਰੰਦਾ ਵੀ ਉੱਪਰ ਵੱਲ ਦੇਖ ਰਿਹਾ ਸੀ। ਨਵੇਂ ਚੰਦਰਮਾ ਦੀ ਰਾਤ ਦੇ ਅਸਮਾਨ ਵਿੱਚ ਆਮ ਹਨੇਰੇ ਨਾਲੋਂ ਗਹਿਰਾ ਇੱਕ ਹਰਾ ਗੋਲ ਚੱਕਰ ਬਣ ਗਿਆ ਸੀ। ਹਰੀ ਰੋਸ਼ਨੀ ਤੇਜ਼ੀ ਨਾਲ ਇਸ ਵਿੱਚੋਂ ਉੱਡ ਗਈ ਅਤੇ ਉੱਪਰ ਇੱਕ ਅਣਜਾਣ ਸੰਸਾਰ ਵਿੱਚ ਅਲੋਪ ਹੋ ਗਈ।

ਤਾਰਾ ਨਾਥ ਨੇ ਕਿਹਾ- "ਅਗਲੇ ਦਿਨ ਮੈਂ ਰਾਮਨਗਰ ਛੱਡ ਕੇ ਕੋਲਕਾਤਾ ਵਾਪਸ ਆ ਗਿਆ।"

ਕੁਝ ਮਹੀਨਿਆਂ ਬਾਅਦ ਰੰਦਾਚਰਨ ਮੈਨੂੰ ਮਿਲਣ ਆਇਆ, ਹੁਣ ਉਸ ਦੇ ਘਰ ਕੋਈ ਗੜਬੜ ਨਹੀਂ ਹੈ। ਬਹੁਤ ਖੁਸ਼ ਹੈ.

ਕਹਾਣੀ ਖਤਮ ਕਰਨ ਤੋਂ ਬਾਅਦ, ਤਾਰਾਨਾਥ ਨੇ ਕਿਹਾ: "ਕੀ ਤੁਸੀਂ ਮੇਰੀ ਗੱਲ 'ਤੇ ਵਿਸ਼ਵਾਸ ਨਹੀਂ ਕਰ ਸਕਦੇ? ਇਸ ਲਈ ਮੈਂ ਤੁਹਾਨੂੰ ਕੁਝ ਨਹੀਂ ਦੱਸਣਾ ਚਾਹੁੰਦਾ ਹਾਂ।"

ਅੰਤ

s.jeet